ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 113 ਨਵੀਂ ਦਿੱਲੀ, ਸ਼ਨੀਵਾਰ 25 ਅਪ੍ਰੈਲ, 2026, Saturday 25 April, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

## ਕੈਮੀਕਲ ਫੈਕਟਰੀ 'ਚ ਲੱਗੀ ਭਿਆਨਕ ਅੱਗ, 16 ਮਜ਼ਦੂਰ ਜ਼ਖ਼ਮੀ

ਝਗੜੀਆ, 24 ਅਪ੍ਰੈਲ (ਪ੍ਰਤੀਨਿਧੀ) : ਗੁਜਰਾਤ ਦੇ ਭਰੂਚ ਜ਼ਿਲ੍ਹੇ 'ਚ ਵੀਰਵਾਰ ਨੂੰ ਇਕ ਕੈਮੀਕਲ ਫੈਕਟਰੀ 'ਚ ਭਿਆਨਕ ਅੱਗ ਲੱਗਣ ਨਾਲ 16 ਮਜ਼ਦੂਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਪੁਲਿਸ ਦੇ ਉਪ ਕਪਤਾਨ ਅਜੇ ਮੀਣਾ ਨੇ ਦੱਸਿਆ ਕਿ ਦੁਪਹਿਰ ਲਗਭਗ ਇਕ ਵਜੇ ਝਗੜੀਆ, ਗੁਜਰਾਤ ਉਦਯੋਗਿਕ ਵਿਕਾਸ ਨਿਗਮ (ਜੀ. ਆਈ. ਡੀ. ਸੀ.) ਖੇਤਰ 'ਚ ਸਥਿਤ ਮੈਟਰੋਪਾਲੀਟਨ ਐਗਜ਼ਿਮਕੈਮ ਪ੍ਰਾਈਵੇਟ ਲਿਮਟਿਡ 'ਚ ਇਹ ਹਾਦਸਾ ਵਾਪਰਿਆ।

## ਰਾਜਸਥਾਨ ਵਿਧਾਨ ਸਭਾ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਮਚੀ ਹਫੜਾ-ਦਫੜੀ

ਜੈਪੁਰ, 24 ਅਪ੍ਰੈਲ (ਪ੍ਰਤੀਨਿਧੀ) : ਰਾਜਸਥਾਨ ਦੀ ਸਭ ਤੋਂ ਸੁਰੱਖਿਅਤ ਜਗ੍ਹਾ ਮੰਨੀ ਜਾਂਦੀ ਰਾਜਸਥਾਨ ਵਿਧਾਨ ਸਭਾ ਨੂੰ ਇੱਕ ਵਾਰ ਫਿਰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇੱਕ ਗੁਮਨਾਮ ਈਮੇਲ ਰਾਹੀਂ ਮਿਲੀ ਇਸ ਧਮਕੀ ਨੇ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ। ਧਮਕੀ ਵਾਲੀ ਮਿਲੀ ਈਮੇਲ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅੱਜ ਦੁਪਹਿਰ 1 ਵਜੇ ਵਿਧਾਨ ਸਭਾ ਕੰਪਲੈਕਸ ਦੇ ਅੰਦਰ ਇੱਕ ਸ਼ਕਤੀਸ਼ਾਲੀ ਧਮਾਕਾ ਕੀਤਾ ਜਾਵੇਗਾ।

## ਦਿੱਲੀ 'ਚ ਹੀਟਵੇਵ ਦਾ ਰੈਡ ਅਲਰਟ ! 43 ਡਿਗਰੀ ਤੱਕ ਵੱਧ ਜਾਵੇਗਾ ਤਾਪਮਾਨ




ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਅੱਜ ਸੂਰਜ ਆਪਣੇ ਤੇਵਰ ਤਿੱਖੇ ਰੱਖਣ ਵਾਲਾ ਹੈ। ਸਵੇਰ ਤੋਂ ਹੀ ਪੈ ਰਹੀ ਭਿਆਨਕ ਗਰਮੀ ਲੋਕਾਂ ਨੂੰ ਪਰੇਸ਼ਾਨ ਕਰ ਰਹੀ ਹੈ। ਅੱਜ ਦਿੱਲੀ ਦੇ ਕਈ ਹਿੱਸਿਆਂ ਵਿਚ ਲੂ ਚੱਲਣ ਨੂੰ ਲੈ ਕੇ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਭਾਰਤੀ ਮੌਸਮ ਵਿਭਾਗ ਦੇ ਅਨੁਸਾਰ, ਦਿੱਲੀ ਦੇ ਮੁੱਖ ਮੌਸਮ ਨਿਗਰਾਨੀ ਕੇਂਦਰ, ਸਫਦਰਜੰਗ ਵਿੱਚ ਘੱਟੋ-ਘੱਟ ਤਾਪਮਾਨ ਆਮ ਨਾਲੋਂ 1.8 ਡਿਗਰੀ ਵੱਧ 24.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਪਾਲਮ ਵਿੱਚ ਘੱਟੋ-ਘੱਟ ਤਾਪਮਾਨ 25.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 2.3 ਡਿਗਰੀ ਵੱਧ ਸੀ। ਦਿਨ ਦੇ ਸ਼ੁਰੂਆਤੀ ਘੰਟਿਆਂ ਦੌਰਾਨ ਇਹ ਦਿੱਲੀ ਦੇ ਸਭ ਤੋਂ ਗਰਮ ਖੇਤਰਾਂ ਵਿੱਚੋਂ ਇੱਕ ਸੀ। ਮੱਧ ਦਿੱਲੀ ਦੇ ਲੋਧੀ ਰੋਡ 'ਤੇ ਘੱਟੋ-ਘੱਟ ਤਾਪਮਾਨ 21.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ ਥੋੜ੍ਹਾ ਵੱਧ ਸੀ। ਰਿਜ ਸੈਂਟਰ ਵਿੱਚ ਤਾਪਮਾਨ 25.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ 2.4 ਡਿਗਰੀ ਵੱਧ ਹੈ, ਜਦੋਂ ਕਿ ਦੱਖਣੀ ਦਿੱਲੀ ਦੇ ਅਯਾਨਗਰ ਵਿੱਚ ਤਾਪਮਾਨ 23.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ ਇੱਕ ਡਿਗਰੀ ਵੱਧ ਹੈ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਦੇ ਅੰਕੜਿਆਂ ਅਨੁਸਾਰ ਰਾਸ਼ਟਰੀ ਰਾਜਧਾਨੀ ਵਿੱਚ ਸਵੇਰੇ ਹਵਾ ਦੀ ਗੁਣਵੱਤਾ 'ਮਾੜੀ' ਸ਼੍ਰੇਣੀ ਵਿੱਚ ਰਹੀ, ਜਿਸ ਵਿੱਚ ਹਵਾ ਗੁਣਵੱਤਾ ਸੂਚਕਾਂਕ (ਏਕਿਊਆਈ) 210 ਦਰਜ ਕੀਤਾ ਗਿਆ। ਸੀਪੀਸੀਬੀ ਦੇ ਅਨੁਸਾਰ, ਜ਼ੀਰੋ ਅਤੇ 50 ਦੇ ਵਿਚਕਾਰ ਇੱਕ ਏ.ਕਿਊ.ਆਈ. ਚੰਗਾ, 51 ਅਤੇ 100 ਦੇ ਵਿਚਕਾਰ ਸੰਤੋਸ਼ਜਨਕ, 101 ਅਤੇ 200 ਦੇ ਵਿਚਕਾਰ ਦਰਮਿਆਨਾ, 201 ਅਤੇ 300 ਦੇ ਵਿਚਕਾਰ ਮਾੜਾ, 301 ਅਤੇ 400 ਦੇ ਵਿਚਕਾਰ ਬਹੁਤ ਮਾੜਾ ਅਤੇ 401 ਅਤੇ 500 ਦੇ ਵਿਚਕਾਰ ਗੰਭੀਰ ਮੰਨਿਆ ਜਾਂਦਾ ਹੈ। ਆਈਐਮਡੀ ਦੇ ਅਨੁਸਾਰ, ਸ਼ੁੱਕਰਵਾਰ ਨੂੰ ਦਿੱਲੀ ਵਿੱਚ ਵੱਧ ਤੋਂ ਵੱਧ ਤਾਪਮਾਨ 43 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿਣ ਦੀ ਸੰਭਾਵਨਾ ਹੈ ਅਤੇ ਗਰਮੀ ਦੀ ਲਹਿਰ ਦੀ ਸੰਭਾਵਨਾ ਹੈ।

# ਰਾਘਵ ਚੱਢਾ, ਸੰਦੀਪ ਪਾਠਕ ਅਤੇ ਅਸ਼ੋਕ ਮਿੱਤਲ ਭਾਜਪਾ 'ਚ ਸ਼ਾਮਲ

## 'ਆਪ' ਦੇ 10 'ਚੋਂ 7 ਰਾਜ ਸਭਾ ਮੈਂਬਰ ਭਾਜਪਾ ਵਿੱਚ ਸ਼ਾਮਲ ਹੋਣ ਲਈ ਤਿਆਰ: ਰਾਘਵ ਚੱਢਾ




ਚੰਡੀਗੜ੍ਹ, 24 ਅਪ੍ਰੈਲ (ਪ੍ਰਤੀਨਿਧੀ) : ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੀ ਸਿਆਸਤ ਵਿੱਚ ਅੱਜ ਵੱਡੀ ਹਲਚਲ ਦੇਖਣ ਨੂੰ ਮਿਲੀ ਹੈ। ਆਮ ਆਦਮੀ ਪਾਰਟੀ ਦੇ ਦਿੱਗਜ਼ ਆਗੂ ਰਾਘਵ ਚੱਢਾ, ਸੰਦੀਪ ਪਾਠਕ ਅਤੇ ਅਸ਼ੋਕ ਮਿੱਤਲ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਅਸ਼ੋਕ ਮਿੱਤਲ ਦੇ ਘਰ ਅਤੇ ਦਫ਼ਤਰਾਂ 'ਤੇ ਈਡੀ ਨੇ ਕੁਝ ਦਿਨ ਪਹਿਲਾਂ ਛਾਪੇਮਾਰੀ ਕੀਤੀ ਸੀ। ਰਾਘਵ ਚੱਢਾ ਨੇ ਦਾਅਵਾ ਕਰਦਿਆਂ ਕਿਹਾ ਕਿ 'ਆਪ' ਦੇ ਦੋ ਤਿਹਾਈ ਸੰਸਦ ਮੈਂਬਰਾਂ ਨੇ ਪਾਰਟੀ ਛੱਡ ਦਿੱਤੀ ਹੈ।

ਇਸ ਨੂੰ ਪੰਜਾਬ ਦੀਆਂ ਆਉਣ ਵਾਲੀਆਂ ਚੋਣਾਂ ਦੇ ਲਿਹਾਜ਼ ਨਾਲ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਰਾਘਵ ਚੱਢਾ ਤੇ ਸੰਦੀਪ ਪਾਠਕ ਪਾਰਟੀ ਦੀ ਰਣਨੀਤੀ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਸਨ। ਉਨ੍ਹਾਂ ਦੇ ਇਸ ਕਦਮ ਨਾਲ ਜਿੱਥੇ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ, ਉੱਥੇ ਹੀ ਭਾਜਪਾ ਪੰਜਾਬ ਵਿੱਚ ਆਪਣੀ ਸਥਿਤੀ ਮਜ਼ਬੂਤ ਹੁੰਦੀ ਦੇਖ ਰਹੀ ਹੈ। ਨਵੀਂ ਦਿੱਲੀ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਘਵ ਚੱਢਾ ਅਤੇ ਸੰਦੀਪ ਪਾਠਕ ਨੇ ਅੱਜ ਐਲਾਨ ਕੀਤਾ ਕਿ 'ਆਪ' ਦੇ ਪੰਜ ਹੋਰ ਸੰਸਦ ਮੈਂਬਰ ਵੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਰਾਘਵ ਚੱਢਾ ਨੇ ਦਾਅਵਾ ਕੀਤਾ ਕਿ 'ਆਪ' ਦੇ ਕੁੱਲ 10 ਰਾਜ ਸਭਾ ਮੈਂਬਰਾਂ ਵਿੱਚੋਂ 7 ਮੈਂਬਰ ਹੁਣ ਭਾਜਪਾ ਵਿੱਚ ਰਲੇਵੇਂ ਲਈ ਤਿਆਰ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸੰਵਿਧਾਨ ਮੁਤਾਬਕ ਜੇਕਰ ਕਿਸੇ ਪਾਰਟੀ ਦੇ ਦੋ-ਤਿਹਾਈ ਮੈਂਬਰ ਦੂਜੀ ਪਾਰਟੀ ਵਿੱਚ ਜਾਂਦੇ ਹਨ ਤਾਂ ਇਹ ਕਾਨੂੰਨੀ ਤੌਰ 'ਤੇ ਸਹੀ ਮੰਨਿਆ ਜਾਂਦਾ ਹੈ।

ਰਾਘਵ ਚੱਢਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਇਸ ਸਬੰਧੀ ਸਾਰੇ ਜ਼ਰੂਰੀ ਦਸਤਾਵੇਜ਼ਾਂ ਸਮੇਤ ਇੱਕ ਪੱਤਰ ਰਾਜ ਸਭਾ ਦੇ ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਨੂੰ ਸੌਂਪ ਦਿੱਤਾ ਹੈ। ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਹੋਰ ਸੰਸਦ ਮੈਂਬਰਾਂ ਵਿੱਚ ਹਰਭਜਨ ਸਿੰਘ, ਰਾਜੇਂਦਰ ਗੁਪਤਾ, ਵਿਕਰਮ ਸਾਹਨੀ, ਸਵਾਤੀ ਮਾਲੀਵਾਲ ਅਤੇ ਅਸ਼ੋਕ ਮਿੱਤਲ ਦੇ ਨਾਮ ਸ਼ਾਮਲ ਹਨ। ਇਸ ਪ੍ਰੈੱਸ ਕਾਨਫਰੰਸ ਦੌਰਾਨ ਸੰਦੀਪ ਪਾਠਕ ਅਤੇ ਅਸ਼ੋਕ ਮਿੱਤਲ ਵੀ ਮੌਜੂਦ ਸਨ। ਪੰਜਾਬ ਦੀ ਆਮ ਆਦਮੀ ਪਾਰਟੀ ਨੇ ਸ਼ੁੱਕਰਵਾਰ ਨੂੰ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਕਿ ਉਹ ਈਡੀ ਰਾਹੀਂ ਪਾਰਟੀ ਦੇ ਸੰਸਦ ਮੈਂਬਰਾਂ ਵਿੱਚ ਡਰ ਦਾ ਮਾਹੌਲ ਪੈਦਾ ਕਰਕੇ ਪਾਰਟੀ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ।

ਪਾਰਟੀ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਦਾਅਵਾ ਕੀਤਾ ਕਿ ਇਸ ਸਾਰੀ ਸਾਜ਼ਿਸ਼ ਪਿੱਛੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹੱਥ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਰਾਘਵ ਚੱਢਾ ਨੂੰ ਪੰਜਾਬ ਵਿੱਚ ਪਾਰਟੀ ਨੂੰ ਕਮਜ਼ੋਰ ਕਰਨ ਦੇ ਬਦਲੇ ਕੇਂਦਰ ਵਿੱਚ ਮੰਤਰੀ ਦਾ ਅਹੁਦਾ ਦੇਣ ਦਾ ਲਾਲਚ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਇਸ ਸਾਜ਼ਿਸ਼ ਵਿੱਚ ਇੱਕ ਹਥਿਆਰ ਵਜੋਂ ਵਰਤਿਆ ਗਿਆ ਹੈ।

ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੇ ਤਿੰਨ ਅਪਰੈਲ ਨੂੰ ਰਾਜ ਸਭਾ ਵਿੱਚ ਪਾਰਟੀ ਦੇ ਉਪ ਨੇਤਾ ਦੇ ਅਹੁਦੇ ਤੋਂ ਰਾਘਵ ਚੱਢਾ ਨੂੰ ਹਟਾ ਦਿੱਤਾ ਸੀ।

ਕਿਸੇ ਸਮੇਂ ਕੇਜਰੀਵਾਲ ਦੇ ਬੇਹੱਦ ਭਰੋਸੇਮੰਦ ਰਹੇ ਰਾਘਵ ਚੱਢਾ ਨੇ ਪੰਜਾਬ ਅਤੇ ਦਿੱਲੀ ਵਿੱਚ ਪਾਰਟੀ ਲਈ ਅਹਿਮ ਭੂਮਿਕਾ ਨਿਭਾਈ ਸੀ। ਹਾਲਾਂਕਿ, ਮਾਰਚ 2024 ਵਿੱਚ ਕੇਜਰੀਵਾਲ ਦੀ ਗ੍ਰਿਫ਼ਤਾਰੀ ਸਮੇਂ ਉਹ ਵਿਦੇਸ਼ ਵਿੱਚ ਸਨ ਅਤੇ ਰਿਹਾਈ ਤੋਂ ਕਾਫੀ ਸਮੇਂ ਬਾਅਦ ਹੀ ਉਨ੍ਹਾਂ ਨੂੰ ਮਿਲੇ। ਹਾਲ ਹੀ ਵਿੱਚ, ਜਦੋਂ ਅਦਾਲਤ ਨੇ ਕੇਜਰੀਵਾਲ ਅਤੇ ਸਿਸੋਦੀਆ ਨੂੰ ਬਰੀ ਕੀਤਾ ਤਾਂ ਵੀ ਚੱਢਾ ਨੇ ਚੁੱਪ ਧਾਰੀ ਰੱਖੀ ਅਤੇ ਜੰਤਰ-ਮੰਤਰ ਦੀ ਰੈਲੀ ਵਿੱਚ ਵੀ ਸ਼ਾਮਲ ਨਹੀਂ ਹੋਏ ਸਨ।

## ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ ਭਾਜਪਾ: 'ਆਪ'

ਨਵੀਂ ਦਿੱਲ, 24 ਅਪ੍ਰੈਲ (ਪ੍ਰਤੀਨਿਧੀ) : ਆਮ ਆਦਮੀ ਪਾਰਟੀ ਦੇ ਤਿੰਨ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਸੀਨੀਅਰ ਆਗੂ ਸੰਜੈ ਸਿੰਘ ਨੇ ਸੱਤਾਧਾਰੀ ਪਾਰਟੀ 'ਤੇ 'ਅਪ੍ਰੇਸ਼ਨ ਲੋਟਸ' ਰਾਹੀਂ ਪੰਜਾਬ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ 'ਐਕਸ 'ਤੇ ਲਿਖਿਆ ਕਿ ਭਾਜਪਾ ਨੇ ਇੱਕ ਵਾਰ ਫਿਰ ਪੰਜਾਬੀਆਂ ਨਾਲ ਧੋਖਾ ਕੀਤਾ ਹੈ। ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੰਜੇ ਸਿੰਘ ਨੇ ਇਸ ਨੂੰ ਪੰਜਾਬ ਦੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਨ ਦੇ ਬਰਾਬਰ ਦੱਸਦਿਆਂ ਕਿਹਾ ਕਿ ਇਹ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੂੰ ਕਮਜ਼ੋਰ ਕਰਨ ਦੀ ਇੱਕ ਨਾਕਾਮ ਕੋਸ਼ਿਸ਼ ਹੈ। ਸੰਜੈ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਦੇ ਲੋਕ-ਪੱਖੀ ਸੁਧਾਰਾਂ ਨੇ ਭਾਜਪਾ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ, ਜਿਸ ਕਾਰਨ ਉਹ 'ਆਪ' ਨੂੰ ਕਮਜ਼ੋਰ ਕਰਨ ਲਈ ਸੀਬੀਆਈ ਅਤੇ ਈਡੀ ਵਰਗੀਆਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਉਨ੍ਹਾਂ ਨੇ ਰਾਘਵ ਚੱਢਾ, ਸੰਦੀਪ ਪਾਠਕ ਅਤੇ ਅਸ਼ੋਕ ਮਿੱਤਲ ਦੀ ਆਲੋਚਨਾ ਕਰਦਿਆਂ ਕਿਹਾ ਕਿ ਪਾਰਟੀ ਦਾ ਸਮਰਥਨ ਲੈਣ ਤੋਂ ਬਾਅਦ ਉਨ੍ਹਾਂ ਨੇ ਪਾਰਟੀ ਨਾਲ ਧੋਖਾ ਕੀਤਾ ਹੈ। ਅਸ਼ੋਕ ਮਿੱਤਲ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ ਕੇਂਦਰੀ ਏਜੰਸੀਆਂ ਨੇ ਮਿੱਤਲ ਦੇ ਟਿਕਾਣਿਆਂ 'ਤੇ ਛਾਪਾ ਮਾਰਿਆ ਅਤੇ ਹੁਣ ਉਹ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ, ਜੋ ਕਿ ਤਾਕਤ ਦੀ ਸਰਾਸਰ ਦੁਰਵਰਤੋਂ ਹੈ।

## ਸੈਂਸੈਕਸ 772 ਅੰਕ ਟੁੱਟਿਆ, ਨਿਫਟੀ 24 ਹਜ਼ਾਰ ਤੋਂ ਹੇਠਾਂ

ਮੁੰਬਈ, 24 ਅਪ੍ਰੈਲ (ਪ੍ਰਤੀਨਿਧੀ) : ਸ਼ੁੱਕਰਵਾਰ ਨੂੰ ਕਾਰੋਬਾਰ ਦੇ ਸ਼ੁਰੂਆਤੀ ਘੰਟਿਆਂ ਵਿੱਚ ਭਾਰਤੀ ਸ਼ੇਅਰ ਬਾਜ਼ਾਰ ਅਤੇ ਰੁਪਏ ਵਿੱਚ ਜ਼ਬਰਦਸਤ ਗਿਰਾਵਟ ਦੇਖਣ ਨੂੰ ਮਿਲੀ। ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਵਿਦੇਸ਼ੀ ਨਿਵੇਸ਼ਕਾਂ ਵੱਲੋਂ ਲਗਾਤਾਰ ਪੂੰਜੀ ਕੱਢਣ ਕਾਰਨ ਨਿਵੇਸ਼ਕਾਂ ਵਿੱਚ ਘਬਰਾਹਟ ਦਾ ਮਾਹੌਲ ਹੈ। ਬੀ.ਐਸ.ਈ. ਦਾ ਪ੍ਰਮੁੱਖ ਸੂਚਕ ਅੰਕ ਸੈਂਸੈਕਸ 772 ਅੰਕਾਂ ਦੇ ਵੱਡੇ ਨਿਘਾਰ ਨਾਲ 76,876 'ਤੇ ਆ ਗਿਆ, ਜਦੋਂਕਿ ਐਨ.ਐਸ.ਈ. ਨਿਫਟੀ 205 ਅੰਕ ਡਿੱਗ ਕੇ 23,967 ਦੇ ਪੱਧਰ 'ਤੇ ਕਾਰੋਬਾਰ ਕਰਦਾ ਦੇਖਿਆ ਗਿਆ।

ਰੁਪਏ ਦੀ ਹਾਲਤ ਪਤਲੀ, ਪੰਜਵੇਂ ਦਿਨ ਵੀ ਗਿਰਾਵਟ ਜਾਰੀ

ਸਟਾਕ ਮਾਰਕੀਟ ਦੇ ਨਾਲ-ਨਾਲ ਭਾਰਤੀ ਰੁਪਏ 'ਤੇ ਵੀ ਦਬਾਅ ਸਾਫ਼ ਦਿਖਾਈ ਦਿੱਤਾ। ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 24 ਪੈਸੇ ਟੁੱਟ ਕੇ 94.25 ਦੇ ਇਤਿਹਾਸਕ ਨੀਵੇਂ ਪੱਧਰ 'ਤੇ ਪਹੁੰਚ ਗਿਆ। ਮਾਹਿਰਾਂ ਅਨੁਸਾਰ, ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਅਤੇ ਹੋਰਮੁਜ਼ ਜਲਡਮਰੂ ਵਿੱਚ ਪੈਦਾ ਹੋਈ ਅਨਿਸ਼ਚਿਤਤਾ ਕਾਰਨ ਡਾਲਰ ਲਗਾਤਾਰ ਮਜ਼ਬੂਤ ਹੋ ਰਿਹਾ ਹੈ, ਜਿਸ ਦਾ ਸਿੱਧਾ ਅਸਰ ਭਾਰਤੀ ਕਰੰਸੀ 'ਤੇ ਪੈ ਰਿਹਾ ਹੈ।

ਗਲੋਬਲ ਆਇਲ ਬੈਂਚਮਾਰਕ ਬ੍ਰੈਂਟ ਕਰੂਡ 0.89 ਫੀਸਦੀ ਦੀ ਤੇਜ਼ੀ ਨਾਲ 106 ਡਾਲਰ ਪ੍ਰਤੀ ਬੈਰਲ 'ਤੇ ਪਹੁੰਚ ਗਿਆ ਹੈ।

## 'ਆਪ' ਛੱਡਣ ਵਾਲੇ ਸੰਸਦ ਮੈਂਬਰ ਪੰਜਾਬ ਦੇ ਗੱਦਾਰ ਹਨ: ਮਾਨ



ਚੰਡੀਗੜ੍ਹ, 24 ਅਪ੍ਰੈਲ (ਪ੍ਰਤੀਨਿਧੀ) : ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ ਦੇ ਪਾਰਟੀ ਛੱਡਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਨੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਸ੍ਰੀ ਮਾਨ ਨੇ ਕਿਹਾ ਕਿ ਜਦੋਂ ਵਿਰੋਧੀਆਂ ਨੂੰ ਉਨ੍ਹਾਂ ਦੇ ਖ਼ਿਲਾਫ਼ ਕੁਝ ਨਹੀਂ ਲੱਭਿਆ ਤਾਂ ਉਨ੍ਹਾਂ ਨੇ 'ਆਪ' ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਭਰੋਸਾ ਜਤਾਇਆ ਕਿ ਪੰਜਾਬ ਦੇ ਲੋਕ ਅਜੇ ਵੀ ਪਾਰਟੀ ਦੇ ਨਾਲ ਹਨ ਅਤੇ ਉਹ ਮਜ਼ਬੂਤੀ ਨਾਲ 'ਆਪ' ਦੇ ਹੱਕ ਵਿੱਚ ਖੜ੍ਹੇ ਹਨ। ਮੁੱਖ ਮੰਤਰੀ ਨੇ ਪਾਰਟੀ ਛੱਡਣ ਵਾਲੇ ਸੰਸਦ ਮੈਂਬਰਾਂ ਨੂੰ ਪੰਜਾਬ ਦੇ 'ਗੱਦਾਰ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜੋ 6-7 ਲੋਕ ਪਾਰਟੀ ਛੱਡ ਕੇ ਗਏ ਹਨ, ਉਨ੍ਹਾਂ ਨਾਲ ਪੰਜਾਬ ਖ਼ਤਮ ਨਹੀਂ ਹੁੰਦਾ, ਕਿਉਂਕਿ ਪਾਰਟੀ ਕਿਸੇ ਵੀ ਵਿਅਕਤੀ ਨਾਲੋਂ ਵੱਡੀ ਹੁੰਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਡਾ ਜਥੇਬੰਦਕ ਢਾਂਚਾ ਪੂਰੀ ਤਰ੍ਹਾਂ ਇੱਕਜੁੱਟ ਹੈ ਅਤੇ ਇਨ੍ਹਾਂ ਲੋਕਾਂ ਦੇ ਜਾਣ ਨਾਲ ਪਾਰਟੀ 'ਤੇ ਕੋਈ ਅਸਰ ਨਹੀਂ ਪਵੇਗਾ।


## ਨਿਤਿਨ ਨਬੀਨ ਨੂੰ ਮਿਲੇ ਰਾਘਵ ਚੱਢਾ, ਅਸ਼ੋਕ ਮਿੱਤਲ ਤੇ ਸੰਦੀਪ ਪਾਠਕ, ਭਾਜਪਾ ਨੇ ਕੀਤਾ ਸੁਆਗਤ

ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਆਮ ਆਦਮੀ ਪਾਰਟੀ ਨੂੰ ਛੱਡਣ ਦਾ ਐਲਾਨ ਕਰਨ ਮਗਰੋਂ ਰਾਜ ਸਭਾ ਮੈਂਬਰ ਰਾਘਵ ਚੱਢਾ, ਅਸ਼ੋਕ ਮਿੱਤਲ ਅਤੇ ਸੰਦੀਪ ਪਾਠਕ ਆਪਣੇ ਹੋਰ ਸਾਥੀਆਂ ਸਣੇ ਭਾਜਪਾ ਦੇ ਮੁੱਖ ਦਫ਼ਤਰ ਪਹੁੰਚੇ, ਜਿੱਥੇ ਉਨ੍ਹਾਂ ਨੇ ਭਾਜਪਾ ਪ੍ਰਧਾਨ ਨਿਤਿਨ ਨਬੀਨ ਨਾਲ ਮੁਲਾਕਾਤ ਕੀਤੀ।

ਇਸ ਦੌਰਾਨ ਨਿਤਿਨ ਨਬੀਨ, ਤਰੁਣ ਚੁਘ ਸਣੇ ਦਫ਼ਤਰ 'ਚ ਮੌਜੂਦ ਪਾਰਟੀ ਦੇ ਵੱਡੇ ਆਗੂਆਂ ਨੇ ਰਾਘਵ ਚੱਢਾ ਸਣੇ ਹੋਰ ਮੈਂਬਰਾਂ ਨੂੰ ਲੱਡੂ ਖੁਆ ਕੇ ਗੁਲਦਸਤੇ ਭੇਂਟ ਕੀਤੇ। ਇਸ ਦੌਰਾਨ ਇਸ ਤੋਂ ਪਹਿਲਾਂ ਰਾਘਵ ਚੱਢਾ ਨੇ 7 ਮੈਂਬਰਾਂ ਸਣੇ 'ਆਪ' ਨੂੰ ਛੱਡ ਭਾਜਪਾ 'ਚ ਸ਼ਾਮਲ ਹੋਣ ਦੀ ਗੱਲ ਆਖੀ ਸੀ। ਇਨ੍ਹਾਂ 7 ਮੈਂਬਰਾਂ 'ਚ ਰਾਘਵ ਚੱਢਾ, ਅਸ਼ੋਕ ਮਿੱਤਲ, ਸੰਦੀਪ ਪਾਠਕ ਸਣੇ ਸਵਾਤੀ ਮਾਲੀਵਾਲ, ਹਰਭਜਨ ਸਿੰਘ, ਵਿਕਰਮਜੀਤ ਸਿੰਘ ਸਾਹਨੀ, ਰਾਜਿੰਦਰ ਗੁਪਤਾ ਦੇ ਨਾਂ ਸ਼ਾਮਲ ਦੱਸੇ ਜਾ ਰਹੇ ਹਨ।

ਪ੍ਰੈੱਸ ਕਾਨਫਰੰਸ ਦੌਰਾਨ ਰਾਘਵ ਨੇ ਕਿਹਾ, "ਜਿਸ ਪਾਰਟੀ ਨੂੰ ਮੈਂ ਆਪਣੇ 15 ਸਾਲ ਦਿੱਤੇ, ਉਹ ਆਪਣੇ ਸਿਧਾਂਤਾਂ ਤੋਂ ਭਟਕ ਗਈ ਹੈ। ਹੁਣ ਇਹ ਪਾਰਟੀ ਦੇਸ਼ ਦੇ ਹਿੱਤ 'ਚ ਨਹੀਂ ਹੈ, ਸਗੋਂ ਆਪਣੇ ਨਿੱਜੀ ਫਾਇਦੇ ਲਈ ਕੰਮ ਕਰਦੀ ਹੈ। ਪਿਛਲੇ ਕੁਝ ਸਾਲਾਂ ਤੋਂ, ਮੈਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਮੈਂ ਗਲਤ ਪਾਰਟੀ 'ਚ ਸਹੀ ਆਦਮੀ ਹਾਂ, ਇਸ ਲਈ, ਅਸੀਂ ਇਹ ਐਲਾਨ ਕਰਦੇ ਹਾਂ ਕਿ ਮੈਂ 'ਆਪ' ਤੋਂ ਖ਼ੁਦ ਨੂੰ ਵੱਖ ਕਰ ਰਿਹਾ ਹਾਂ ਅਤੇ ਜਨਤਾ ਦੇ ਕਰੀਬ ਜਾ ਰਿਹਾ ਹਾਂ।"

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਲਕਾਤਾ ਵਿੱਚ ਹੁਗਲੀ ਨਦੀ 'ਤੇ ਕੀਤੀ ਕਿਸ਼ਤੀ ਦੀ ਸਵਾਰੀ



ਕੋਲਕੱਤਾ, 24 ਅਪ੍ਰੈਲ (ਪ੍ਰਤੀਨਿਧੀ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਪੱਛਮੀ ਬੰਗਾਲ ਵਿਚ ਹੁਗਲੀ ਨਦੀ 'ਤੇ ਕਿਸ਼ਤੀ ਦੀ ਸਵਾਰੀ ਕੀਤੀ। ਸਵਾਰੀ ਦੌਰਾਨ, ਉਨ੍ਹਾਂ ਨੇ ਕੁਝ ਫੋਟੋਆਂ ਵੀ ਖਿੱਚੀਆਂ। ਇਸ ਦੌਰਾਨ ਉਨ੍ਹਾਂ ਨੇ ਕਿਸ਼ਤੀ ਚਾਲਕਾਂ ਨਾਲ ਗੱਲਬਾਤ ਵੀ ਕੀਤੀ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕਿਸ਼ਤੀ ਯਾਤਰਾ ਦੀਆਂ ਫੋਟੋਆਂ ਸਾਂਝੀਆਂ ਕੀਤੀਆਂ। ਉਨ੍ਹਾਂ ਲਿਖਿਆ, 'ਹਰ ਬੰਗਾਲੀ ਲਈ ਗੰਗਾ ਦਾ ਬਹੁਤ ਖਾਸ ਸਥਾਨ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਗੰਗਾ ਬੰਗਾਲ ਦੀ ਆਤਮਾ ਵਿੱਚ ਵਗਦੀ ਹੈ। ਹੁਗਲੀ ਦੇ ਕੰਢੇ, ਮੈਂ ਪੱਛਮੀ ਬੰਗਾਲ ਦੇ ਵਿਕਾਸ ਅਤੇ ਮਹਾਨ ਬੰਗਾਲੀ ਸਮਾਜ ਦੀ ਖੁਸ਼ਹਾਲੀ ਲਈ ਆਪਣੇ ਸੰਕਲਪ ਨੂੰ ਦੁਹਰਾਇਆ।' ਇਸ ਤੋਂ ਪਹਿਲਾਂ ਕੱਲ੍ਹ ਸ਼ਾਮ ਪ੍ਰਧਾਨ ਮੰਤਰੀ ਮੋਦੀ ਨੇ ਕੋਲਕਾਤਾ ਦੇ ਹਾਵੜਾ ਵਿੱਚ ਇੱਕ ਰੋਡ ਸ਼ੋਅ ਕੀਤਾ, ਜਿਸ ਵਿੱਚ ਵੱਡੀ ਭੀੜ ਇਕੱਠੀ ਹੋਈ। ਸੋਸ਼ਲ ਮੀਡੀਆ 'ਤੇ ਰੋਡ ਸ਼ੋਅ ਦੀਆਂ ਫੋਟੋਆਂ ਸਾਂਝੀਆਂ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਲਿਖਿਆ, 'ਹਾਵੜਾ ਰੋਡ ਸ਼ੋਅ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ। ਇਹ ਰੋਡ ਸ਼ੋਅ, ਜੋ ਹਾਵੜਾ ਬ੍ਰਿਜ ਤੋਂ ਲੰਘਿਆ ਅਤੇ ਕੋਲਕਾਤਾ ਵਿੱਚ ਸਮਾਪਤ ਹੋਇਆ, ਬੰਗਾਲ ਦੇ ਹਰ ਕੋਨੇ ਵਿੱਚ ਬਦਲਾਅ ਦੀ ਇੱਛਾ ਨੂੰ ਦਰਸਾਉਂਦਾ ਹੈ। ਭਾਜਪਾ ਬੰਗਾਲ ਦੀ ਪਸੰਦ ਹੈ।'

## ਮੁੱਖ ਚੋਣ ਕਮਿਸ਼ਨਰ ਨੂੰ ਹਟਾਉਣ ਦੀ ਮੰਗ ਤੇਜ਼, ਵਿਰੋਧੀ ਧਿਰ ਦੇ 73 ਸੰਸਦ ਮੈਂਬਰਾਂ ਨੇ ਦਿੱਤਾ ਪ੍ਰਸਤਾਵ ਨੋਟਿਸ




ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਵਿਰੋਧੀ ਧਿਰ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਨੂੰ ਲੈ ਕੇ ਇਕ ਵਾਰ ਮੁੜ ਰਾਜ ਸਭਾ 'ਚ ਰਸਮੀ ਪਹਿਲ ਕੀਤੀ ਹੈ। ਵਿਰੋਧੀ ਧਿਰ ਦੇ 73 ਸੰਸਦ ਮੈਂਬਰਾਂ ਨੇ ਰਾਜ ਸਭਾ ਦੇ ਜਨਰਲ ਸਕੱਤਰ ਨੂੰ ਪ੍ਰਸਤਾਵ ਦਾ ਨੋਟਿਸ ਸੌਂਪਿਆ ਹੈ, ਜਿਨ੍ਹਾਂ 'ਚ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ। ਇਹ ਨੋਟਿਸ ਕਾਂਗਰਸ ਦੇ ਸੀਨੀਅਰ ਨੇਤਾ ਅਤੇ ਸੰਚਾਰ ਵਿਭਾਗ ਦੇ ਇੰਚਾਰਜ ਜੈਰਾਮ ਰਮੇਸ਼ ਅਤੇ ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਸਾਗਰਿਕਾ ਘੋਸ਼ ਨੇ ਪੇਸ਼ ਕੀਤਾ ਹੈ। ਫਿਲਹਾਲ ਇਹ ਪ੍ਰਸਤਾਵ ਸਿਰਫ਼ ਰਾਜ ਸਭਾ 'ਚ ਹੀ ਦਾਖ਼ਲ ਕੀਤਾ ਗਿਆ ਹੈ। ਜੈਰਾਮ ਰਮੇਸ਼ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਪ੍ਰਸਤਾਵ 'ਚ ਮੁੱਖ ਚੋਣ ਕਮਿਸ਼ਨਰ ਖ਼ਿਲਾਫ਼ ਕੁੱਲ 9 ਗੰਭੀਰ ਦੋਸ਼ ਲਗਾਏ ਗਏ ਹਨ, ਜਿਨ੍ਹਾਂ ਨੂੰ ਵਿਸਥਾਰ ਨਾਲ ਦਸਤਾਵੇਜ਼ੀ ਰੂਪ ਦਿੱਤਾ ਗਿਆ ਹੈ।

ਉਨ੍ਹਾਂ ਅਨੁਸਾਰ, ਇਹ ਦੋਸ਼ 15 ਮਾਰਚ 2026 ਤੋਂ ਬਾਅਦ ਕੀਤੇ ਗਏ ਕੰਮਾਂ ਅਤੇ ਲਾਪਰਵਾਹੀਆਂ ਨਾਲ ਜੁੜਿਆ ਹੈ, ਜਿਨ੍ਹਾਂ ਨੂੰ ਸੰਵਿਧਾਨ ਦੀ ਧਾਰਾ 324 (5) ਅਤੇ ਧਾਰਾ 124 (4) ਦੇ ਅਧੀਨ 'ਸਾਬਤ ਦੁਰਵਿਵਹਾਰ' ਮੰਨਿਆ ਜਾ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਪ੍ਰਸਤਾਵ ਮੁੱਖ ਚੋਣ ਕਮਿਸ਼ਨਰ ਅਤੇ ਹੋਰ ਚੋਣ ਕਮਿਸ਼ਨਰ (ਨਿਯੁਕਤੀ, ਸੇਵਾ ਸ਼ਰਤਾਂ ਅਤੇ ਕਾਰਜਕਾਲ) ਐਕਟ, 2023' ਅਤੇ ਜੱਜ (ਜਾਂਚ) ਐਕਟ, 1968' ਦੇ ਪ੍ਰਬੰਧਾਂ ਦੇ ਅਧੀਨ ਲਿਆਂਦਾ ਗਿਆ ਹੈ। ਜੈਰਾਮ ਰਮੇਸ਼ ਨੇ ਮੁੱਖ ਚੋਣ ਕਮਿਸ਼ਨਰ ਦੇ ਅਹੁਦੇ 'ਤੇ ਬਣੇ ਰਹਿਣ ਨੂੰ ਸੰਵਿਧਾਨ 'ਤੇ ਹਮਲਾ ਦੱਸਦੇ ਹੋਏ ਕਿਹਾ ਕਿ ਇਹ ਸਥਿਤੀ ਲੋਕਤੰਤਰੀ ਸੰਸਥਾਵਾਂ ਦੇ ਮਾਣ ਖ਼ਿਲਾਫ਼ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਮੁੱਖ ਚੋਣ ਕਮਿਸ਼ਨਰ ਸਰਕਾਰ ਦੇ ਦਬਾਅ 'ਚ ਕੰਮ ਕਰ ਰਹੇ ਹਨ, ਜੋ ਬੇਹੱਦ ਚਿੰਤਾਜਨਕ ਹੈ। ਹੁਣ ਇਸ ਨੋਟਿਸ 'ਤੇ ਅੱਗੇ ਦੀ ਕਾਰਵਾਈ ਰਾਜ ਸਭਾ ਦੇ ਸਪੀਕਰ ਦੇ ਫੈਸਲੇ 'ਤੇ ਨਿਰਭਰ ਕਰੇਗੀ, ਜੋ ਤੈਅ ਕਰਨਗੇ ਕਿ ਇਸ ਪ੍ਰਸਤਾਵ ਨੂੰ ਸਵੀਕਾਰ ਕੀਤਾ ਜਾਵੇ ਜਾਂ ਨਹੀਂ।

## ਈਰਾਨ 'ਚ ਵਧ ਰਹੇ ਤਣਾਅ ਦੇ ਮੱਦੇਨਜ਼ਰ ਭਾਰਤ ਵੱਲੋਂ ਆਪਣੇ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ



ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਭਾਰਤ ਸਰਕਾਰ ਨੇ ਈਰਾਨ ਵਿੱਚ ਵਧ ਰਹੇ ਖੇਤਰੀ ਤਣਾਅ ਦੇ ਮੱਦੇਨਜ਼ਰ ਆਪਣੇ ਨਾਗਰਿਕਾਂ ਲਈ ਇੱਕ ਨਵੀਂ ਟ੍ਰੈਵਲ ਐਡਵਾਈਜ਼ਰੀ ਜਾਰੀ ਕੀਤੀ ਹੈ। ਵੀਰਵਾਰ ਨੂੰ ਜਾਰੀ ਕੀਤੇ ਗਏ ਇਸ ਪਰਾਮਰਸ਼ ਵਿੱਚ ਭਾਰਤੀ ਨਾਗਰਿਕਾਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਉਹ ਫਿਲਹਾਲ ਈਰਾਨ ਦੀ ਯਾਤਰਾ ਕਰਨ ਤੋਂ ਗੁਰੇਜ਼ ਕਰਨ।

ਤੇਹਰਾਨ ਸਥਿਤ ਭਾਰਤੀ ਦੂਤਾਵਾਸ ਨੇ ਆਪਣੇ ਤਾਜ਼ਾ ਬਿਆਨ ਵਿੱਚ ਕਿਹਾ ਹੈ ਕਿ ਖੇਤਰੀ ਤਣਾਅ ਕਾਰਨ ਹਵਾਈ ਖੇਤਰ 'ਤੇ ਲਗਾਈਆਂ ਗਈਆਂ ਪਾਬੰਦੀਆਂ ਅਤੇ ਸੰਚਾਲਨ ਸਬੰਧੀ ਅਨਿਸ਼ਚਿਤਤਾਵਾਂ ਈਰਾਨ ਤੋਂ ਆਉਣ-ਜਾਣ ਵਾਲੀਆਂ ਅੰਤਰਰਾਸ਼ਟਰੀ ਉਡਾਣਾਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਦੂਤਾਵਾਸ ਨੇ ਸਪੱਸ਼ਟ ਕੀਤਾ ਹੈ ਕਿ ਭਾਵੇਂ ਦੋਵਾਂ ਦੇਸ਼ਾਂ ਵਿਚਾਲੇ ਕੁਝ ਉਡਾਣਾਂ ਦੇ ਸੰਚਾਲਨ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ, ਪਰ ਸੁਰੱਖਿਆ ਦੇ ਲਿਹਾਜ਼ ਨਾਲ ਭਾਰਤੀ ਨਾਗਰਿਕਾਂ ਨੂੰ ਹਵਾਈ ਜਾਂ ਸੜਕੀ ਮਾਰਗ ਰਾਹੀਂ ਈਰਾਨ ਨਾ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

ਦੂਤਾਵਾਸ ਨੇ ਈਰਾਨ ਵਿੱਚ ਮੌਜੂਦ ਸਾਰੇ ਭਾਰਤੀ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਦੂਤਾਵਾਸ ਦੇ ਤਾਲਮੇਲ ਨਾਲ ਨਿਰਧਾਰਿਤ ਜ਼ਮੀਨੀ ਸਰਹੱਦੀ ਰਸਤਿਆਂ ਰਾਹੀਂ ਦੇਸ਼ ਛੱਡ ਦੇਣ। ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਸਹਾਇਤਾ ਲਈ ਦੂਤਾਵਾਸ ਵੱਲੋਂ ਹੈਲਪਲਾਈਨ ਨੰਬਰ ਵੀ ਜਾਰੀ ਕੀਤੇ ਗਏ ਹਨ ਤਾਂ ਜੋ ਉੱਥੇ ਫਸੇ ਭਾਰਤੀਆਂ ਦੀ ਮਦਦ ਕੀਤੀ ਜਾ ਸਕੇ।

ਜ਼ਿਕਰਯੋਗ ਹੈ ਕਿ ਇਹ ਸਲਾਹ ਉਨ੍ਹਾਂ ਰਿਪੋਰਟਾਂ ਤੋਂ ਬਾਅਦ ਆਈ ਹੈ ਜਿਨ੍ਹਾਂ ਵਿੱਚ ਭਾਰਤ ਅਤੇ ਈਰਾਨ ਵਿਚਾਲੇ ਹਵਾਈ ਸੰਪਰਕ ਮੁੜ ਸ਼ੁਰੂ ਹੋਣ ਦਾ ਦਾਅਵਾ ਕੀਤਾ ਗਿਆ ਸੀ, ਪਰ ਭਾਰਤ ਸਰਕਾਰ ਨੇ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਆਪਣੇ ਨਾਗਰਿਕਾਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਹੈ।

## ਹੋਰਮੁਜ਼ ਜਲ ਮਾਰਗ 'ਚ ਜਹਾਜ਼ਾਂ ਦੀ ਆਵਾਜਾਈ ਲਗਭਗ ਠੱਪ; 24 ਘੰਟਿਆਂ ਵਿੱਚ ਲੰਘੇ ਸਿਰ.ਫ ਪੰਜ ਜਹਾਜ਼



ਵਾਸ਼ਿੰਗਟਨ, 24 ਅਪ੍ਰੈਲ (ਪ੍ਰਤੀਨਿਧੀ) : ਪੱਛਮੀ ਏਸ਼ੀਆ ਵਿੱਚ ਜਾਰੀ ਤਣਾਅ ਦਰਮਿਆਨ ਇੱਕ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਵ੍ਹਾਈਟ ਹਾਊਸ ਵਿੱਚ ਹੋਈ ਇੱਕ ਉੱਚ-ਪੱਧਰੀ ਮੀਟਿੰਗ ਤੋਂ ਬਾਅਦ ਲੈਬਨਾਨ ਅਤੇ ਇਜ਼ਰਾਈਲ ਦਰਮਿਆਨ ਜੰਗਬੰਦੀ ਨੂੰ ਅਗਲੇ ਤਿੰਨ ਹਫ਼ਤਿਆਂ ਲਈ ਵਧਾ ਦਿੱਤਾ ਗਿਆ ਹੈ। ਓਵਲ ਆਫ਼ਿਸ ਵਿੱਚ ਹੋਈ ਇਸ ਮੀਟਿੰਗ ਵਿੱਚ ਅਮਰੀਕਾ ਦੀ ਵਿਚੋਲਗੀ ਹੇਠ ਦੋਵਾਂ ਦੇਸ਼ਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ, ਜਿਸ ਦਾ ਮੁੱਖ ਮਕਸਦ ਖਿੱਤੇ ਵਿੱਚ ਖ਼ੂਨ-ਖ਼ਰਾਬੇ ਨੂੰ ਰੋਕਣਾ ਹੈ। ਰਾਸ਼ਟਰਪਤੀ ਟਰੰਪ ਨੇ ਇਜ਼ਰਾਈਲ ਦੇ ਰਾਜਦੂਤ ਯੇਚੀਲ ਲੀਟਰ ਅਤੇ ਲੈਬਨਾਨ ਦੀ ਰਾਜਦੂਤ ਨਾਦਾ ਮੁਆਵਦ ਨਾਲ ਮੁਲਾਕਾਤ ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇਸ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਲਿਖਿਆ, ਮੀਟਿੰਗ ਬਹੁਤ ਸਾਰਥਕ ਰਹੀ ! ਸੰਯੁਕਤ ਰਾਜ ਅਮਰੀਕਾ ਹਿਜ਼ਬੁੱਲ੍ਹਾ ਤੋਂ ਆਪਣੀ ਰੱਖਿਆ ਕਰਨ ਲਈ ਲੈਬਨਾਨ ਦੀ ਪੂਰੀ ਮਦਦ ਕਰੇਗਾ। ਜ਼ਿਕਰਯੋਗ ਹੈ ਕਿ ਇਹ ਗੱਲਬਾਤ ਅਜਿਹੇ ਸਮੇਂ ਹੋਈ ਹੈ ਜਦੋਂ ਇਕ ਦਿਨ ਪਹਿਲਾਂ ਹੀ ਇਜ਼ਰਾਇਲੀ ਹਮਲਿਆਂ ਵਿੱਚ ਇੱਕ ਪੱਤਰਕਾਰ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ ਸੀ।

ਹਾਲਾਂਕਿ, ਇਸ ਅਹਿਮ ਮੀਟਿੰਗ ਵਿੱਚ ਹਿਜ਼ਬੁੱਲ੍ਹਾ ਦਾ ਕੋਈ ਨੁਮਾਇੰਦਾ ਮੌਜੂਦ ਨਹੀਂ ਸੀ। ਈਰਾਨ ਸਮਰਥਿਤ ਇਸ ਹਥਿਆਰਬੰਦ ਜਥੇਬੰਦੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਕਬਜ਼ਾਧਾਰੀ ਫੌਜਾਂ ਵਿਰੁੱਧ ਵਿਰੋਧ ਕਰਨ ਦਾ ਹੱਕ ਰੱਖਦੇ ਹਨ। ਇਸ ਦੇ ਬਾਵਜੂਦ, ਅਮਰੀਕੀ ਪ੍ਰਸ਼ਾਸਨ ਇਸ ਜੰਗਬੰਦੀ ਨੂੰ ਸਥਾਈ ਸ਼ਾਂਤੀ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਟਰੰਪ ਨੇ ਅੱਗੇ ਕਿਹਾ ਕਿ ਉਹ ਨੇੜਲੇ ਭਵਿੱਖ ਵਿੱਚ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਲੈਬਨਾਨ ਦੇ ਰਾਸ਼ਟਰਪਤੀ ਜੋਸਫ਼ ਔਨ ਦੀ ਮੇਜ਼ਬਾਨੀ ਕਰਨ ਲਈ ਵੀ ਉਤਸੁਕ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਤਿੰਨ ਹਫ਼ਤਿਆਂ ਦਾ ਵਾਧਾ ਖਿੱਤੇ ਵਿੱਚ ਵਧ ਰਹੇ ਤਣਾਅ ਨੂੰ ਘੱਟ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ। ਜਿੱਥੇ ਇੱਕ ਪਾਸੇ ਅਮਰੀਕਾ ਲੈਬਨਾਨੀ ਸਰਕਾਰ ਨੂੰ ਮਜ਼ਬੂਤ ਕਰਨ ਦੀ ਗੱਲ ਕਰ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਹਿਜ਼ਬੁੱਲ੍ਹਾ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣਾ ਵੱਡੀ ਚੁਣੌਤੀ ਬਣਿਆ ਹੋਇਆ ਹੈ। ਫਿਲਹਾਲ, ਇਸ ਜੰਗਬੰਦੀ ਨਾਲ ਸਰਹੱਦੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ

# ਪਾਕਿਸਤਾਨ ਦੇ ਖ਼ੈਬਰ ਪਖਤੂਨਖਵਾ ਵਿੱਚ ਵੱਡਾ ਆਪਰੇਸ਼ਨ: 22 ਦਹਿਸ਼ਤਗਰਦ ਹਲਾਕ



ਪੇਸ਼ਾਵਰ, 24 ਅਪ੍ਰੈਲ (ਪ੍ਰਤੀਨਿਧੀ) : ਪਾਕਿਸਤਾਨੀ ਫੌਜ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਪਾਕਿਸਤਾਨ ਦੇ ਉੱਤਰ-ਪੱਛਮੀ ਖੈਬਰ ਪਖਤੂਨਖਵਾ ਸੂਬੇ ਵਿੱਚ ਸੁਰੱਖਿਆ ਬਲਾਂ ਵੱਲੋਂ ਚਲਾਏ ਗਏ ਇੱਕ ਖੁਫੀਆ ਜਾਣਕਾਰੀ ਅਧਾਰਤ ਆਪਰੇਸ਼ਨ ਦੌਰਾਨ ਘੱਟੋ-ਘੱਟ 22 ਅਤਿਵਾਦੀ ਮਾਰੇ ਗਏ ਹਨ।

ਫੌਜ ਦੇ ਮੀਡੀਆ ਵਿੰਗ, ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਨੇ ਇੱਕ ਬਿਆਨ ਵਿੱਚ ਕਿਹਾ ਕਿ ਆਪਰੇਸ਼ਨ ਦੇ ਦੌਰਾਨ, ਫਿਤਨਾ-ਅਲ-ਖਵਾਰਿਜ ਨਾਲ ਸਬੰਧਤ 22 ਅਤਿਵਾਦੀ ਮਾਰੇ ਗਏ ਸਨ। 'ਫਿਤਨਾ-ਅਲ-ਖਵਾਰਿਜ' ਇੱਕ ਅਜਿਹਾ ਸ਼ਬਦ ਹੈ ਜਿਸ ਦੀ ਵਰਤੋਂ ਸਰਕਾਰ ਪਾਬੰਦੀਸ਼ੁਦਾ ਤਹਿਰੀਕ-ਏ-ਤਾਲੀਬਾਨ ਪਾਕਿਸਤਾਨ ਦਾ ਹਵਾਲਾ ਦੇਣ ਲਈ ਕਰਦੀ ਹੈ।

ਬਿਆਨ ਵਿੱਚ ਕਿਹਾ ਗਿਆ ਹੈ, 'ਅਤਿਵਾਦੀਆਂ ਨੇ ਅੰਨ੍ਹੇਵਾਹ ਫਾਇਰਿੰਗ ਕੀਤੀ, ਜਿਸ ਦੇ ਨਤੀਜੇ ਵਜੋਂ ਇੱਕ ਦਸ ਸਾਲ ਦੇ ਬੱਚੇ ਦੀ ਮੌਤ ਹੋ ਗਈ।'

ਇਲਾਕੇ ਵਿੱਚ ਬਾਕੀ ਬਚੇ ਕਿਸੇ ਵੀ ਅਤਿਵਾਦੀ ਨੂੰ ਖਤਮ ਕਰਨ ਲਈ ਤਲਾਸ਼ੀ ਮੁਹਿੰਮ ਜਾਰੀ ਹੈ। ਬਿਆਨ ਦੇ ਅਖੀਰ ਵਿੱਚ ਕਿਹਾ ਗਿਆ, 'ਪਾਕਿਸਤਾਨ ਦੇ ਸੁਰੱਖਿਆ ਬਲ ਅਤਿਵਾਦ ਨੂੰ ਜੜ੍ਹੋਂ ਖਤਮ ਕਰਨ ਲਈ ਪੂਰੀ ਤੇਜ਼ੀ ਨਾਲ ਕਾਰਵਾਈ ਜਾਰੀ ਰੱਖਣਗੇ...।'

ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਖੈਬਰ ਵਿੱਚ ਸਫਲ ਆਪਰੇਸ਼ਨ ਲਈ ਸੁਰੱਖਿਆ ਬਲਾਂ ਦੀ ਸ਼ਲਾਘਾ ਕੀਤੀ ਹੈ। ਰੇਡੀਓ ਪਾਕਿਸਤਾਨ ਦੀ ਰਿਪੋਰਟ ਅਨੁਸਾਰ, ਵੱਖ-ਵੱਖ ਬਿਆਨਾਂ ਵਿੱਚ ਦੋਵਾਂ ਆਗੂਆਂ ਨੇ 10 ਸਾਲ ਦੇ ਬੱਚੇ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ, ਜੋ ਅਤਿਵਾਦੀਆਂ ਦੀ ਅੰਨ੍ਹੇਵਾਹ ਫਾਇਰਿੰਗ ਕਾਰਨ ਮਾਰਿਆ ਗਿਆ ਸੀ।

# ਕੋਈ ਵੀ ਅਦਾਲਤ ਨਾਬਾਲਗ ਨੂੰ ਉਸ ਦੀ ਮਰਜ਼ੀ ਵਿਰੁੱਧ ਗਰਭ ਅਵਸਥਾ ਜਾਰੀ ਰੱਖਣ ਲਈ ਮਜਬੂਰ ਨਹੀਂ ਕਰ ਸਕਦੀ: ਸੁਪਰੀਮ ਕੋਰਟ



ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਇਕ ਅਹਿਮ ਫੈਸਲਾ ਸੁਣਾਉਂਦੇ ਹੋਏ ਇੱਕ 15 ਸਾਲ ਦੀ ਲੜਕੀ ਨੂੰ ਸੱਤ ਮਹੀਨਿਆਂ ਤੋਂ ਵੱਧ ਦੀ ਗਰਭ ਅਵਸਥਾ ਦਾ ਡਾਕਟਰੀ ਤੌਰ 'ਤੇ ਗਰਭਪਾਤ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਅਦਾਲਤ ਨੇ ਟਿੱਪਣੀ ਕੀਤੀ ਕੋਈ ਵੀ ਅਦਾਲਤ ਕਿਸੇ ਔਰਤ, ਖਾਸ ਕਰਕੇ ਨਾਬਾਲਗ ਨੂੰ, ਉਸ ਦੀ ਮਰਜ਼ੀ ਦੇ ਵਿਰੁੱਧ ਗਰਭ ਅਵਸਥਾ ਜਾਰੀ ਰੱਖਣ ਲਈ ਮਜਬੂਰ ਨਹੀਂ ਕਰ ਸਕਦੀ।

ਜੱਜ ਬੀ ਵੀ ਨਾਗਰਤਨਾ ਅਤੇ ਉੱਜਲ ਭੂਯਾਨ ਦੇ ਬੈਂਚ ਨੇ ਕਿਹਾ ਕਿ ਜਨਮ ਲੈਣ ਵਾਲੇ ਬੱਚੇ ਦੀ ਬਜਾਏ ਗਰਭਵਤੀ ਔਰਤ ਦੀ ਪਸੰਦ ਜ਼ਿਆਦਾ ਮਹੱਤਵਪੂਰਨ ਹੈ। ਬੈਂਚ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੀ ਗਰਭ ਅਵਸਥਾ ਨੂੰ ਜਾਰੀ ਰੱਖਣ ਨਾਲ ਨਾਬਾਲਗ ਦੀ ਮਾਨਸਿਕ ਸਿਹਤ, ਪੜ੍ਹਾਈ, ਸਮਾਜਿਕ ਰੁਤਬੇ ਅਤੇ ਸਮੁੱਚੇ ਵਿਕਾਸ 'ਤੇ ਲੰਮੇ ਸਮੇਂ ਤੱਕ ਪ੍ਰਭਾਵ ਪੈ ਸਕਦੇ ਹਨ।

ਸੁਪਰੀਮ ਕੋਰਟ ਨੇ ਕਿਹਾ ਕਿ ਇੱਕ ਔਰਤ ਦੇ ਆਪਣੇ ਸਰੀਰ ਅਤੇ ਬੱਚਾ ਪੈਦਾ ਕਰਨ ਸਬੰਧੀ ਫੈਸਲੇ ਲੈਣ ਦੀ ਆਜ਼ਾਦੀ ਨੂੰ ਸਭ ਤੋਂ ਵੱਧ ਅਹਿਮੀਅਤ ਦਿੱਤੀ ਜਾਣੀ ਚਾਹੀਦੀ ਹੈ। ਅਦਾਲਤ ਮੁਤਾਬਕ ਜੇਕਰ ਕਿਸੇ ਔਰਤ ਨੂੰ ਅਣਚਾਹੇ ਗਰਭ ਨੂੰ ਜਾਰੀ ਰੱਖਣ ਲਈ ਮਜਬੂਰ ਕੀਤਾ ਜਾਂਦਾ ਹੈ, ਤਾਂ ਇਹ ਉਸ ਦੇ ਸੰਵਿਧਾਨਕ ਹੱਕਾਂ ਦਾ ਘਾਣ ਹੋਵੇਗਾ।

ਬੈਂਚ ਨੇ ਕਿਹਾ, 'ਆਪਣੇ ਸਰੀਰ ਬਾਰੇ ਫੈਸਲੇ ਲੈਣ ਦਾ ਹੱਕ, ਖਾਸ ਕਰਕੇ ਪ੍ਰਜਨਨ ਦੇ ਮਾਮਲਿਆਂ ਵਿੱਚ, ਸੰਵਿਧਾਨ ਦੀ ਧਾਰਾ 21 ਦੇ ਤਹਿਤ ਨਿੱਜੀ ਆਜ਼ਾਦੀ ਦਾ ਇੱਕ ਅਹਿਮ ਹਿੱਸਾ ਹੈ। ਇਸ ਹੱਕ 'ਤੇ ਬਿਨਾਂ ਵਜ੍ਹਾ ਪਾਬੰਦੀਆਂ ਨਹੀਂ ਲਗਾਈਆਂ ਜਾ ਸਕਦੀਆਂ, ਖਾਸ ਤੌਰ 'ਤੇ ਨਾਬਾਲਗਾਂ ਅਤੇ ਅਣਚਾਹੇ ਗਰਭ ਦੇ ਮਾਮਲਿਆਂ ਵਿੱਚ, ਜਿਵੇਂ ਕਿ ਇਸ ਕੇਸ ਵਿੱਚ ਦੇਖਿਆ ਗਿਆ ਹੈ।'

ਸਿਖਰਲੀ ਅਦਾਲਤ ਨੇ ਕਿਹਾ, 'ਕਿਸੇ ਵੀ ਅਦਾਲਤ ਨੂੰ ਕਿਸੇ ਔਰਤ, ਖਾਸ ਕਰਕੇ ਨਾਬਾਲਗ ਬੱਚੀ ਨੂੰ ਉਸ ਦੀ ਮਰਜ਼ੀ ਦੇ ਉਲਟ ਪੂਰਾ ਸਮਾਂ ਗਰਭਵਤੀ ਰਹਿਣ ਲਈ ਮਜਬੂਰ ਨਹੀਂ ਕਰਨਾ ਚਾਹੀਦਾ। ਅਜਿਹੀ ਮਜਬੂਰੀ ਨਾ ਸਿਰਫ ਉਸ ਦੀ ਆਪਣੀ ਮਰਜ਼ੀ ਨਾਲ ਫੈਸਲਾ ਲੈਣ ਦੀ ਆਜ਼ਾਦੀ ਨੂੰ ਖਤਮ ਕਰੇਗੀ, ਸਗੋਂ ਬੱਚੇ ਨੂੰ ਜਨਮ ਦੇਣ ਲਈ ਮਜਬੂਰ ਕੀਤੇ ਜਾਣ 'ਤੇ ਉਸ ਨੂੰ ਗੰਭੀਰ ਮਾਨਸਿਕ, ਭਾਵਨਾਤਮਕ ਅਤੇ ਸਰੀਰਕ ਸਦਮਾ ਵੀ ਪਹੁੰਚਾਏਗੀ।'


ਬੈਂਚ ਨੇ ਕਿਹਾ, 'ਇਹ ਕਹਿਣਾ ਆਸਾਨ ਹੈ ਕਿ ਜੇਕਰ ਗਰਭਵਤੀ ਔਰਤ ਬੱਚੇ ਨੂੰ ਪਾਲਣ ਵਿੱਚ ਦਿਲਚਸਪੀ ਨਹੀਂ ਰੱਖਦੀ, ਤਾਂ ਉਹ ਬੱਚੇ ਨੂੰ ਗੋਦ ਦੇ ਸਕਦੀ ਹੈ ਅਤੇ ਇਸ ਲਈ ਉਸ ਨੂੰ ਬੱਚੇ ਨੂੰ ਜਨਮ ਦੇਣਾ ਚਾਹੀਦਾ ਹੈ।'

ਸੁਪਰੀਮ ਕੋਰਟ ਨੇ ਕਿਹਾ ਕਿ ਸੰਵਿਧਾਨਕ ਅਦਾਲਤਾਂ ਨੂੰ ਜਨਮ ਲੈਣ ਵਾਲੇ ਬੱਚੇ ਦੀ ਬਜਾਏ ਗਰਭਵਤੀ ਔਰਤ ਦੀ ਭਲਾਈ ਅਤੇ ਉਸ ਦੇ ਹਾਲਾਤ ਨੂੰ ਪਹਿਲ ਦੇਣੀ ਚਾਹੀਦੀ ਹੈ।

ਬੈਂਚ ਨੇ ਸਪਸ਼ਟ ਕੀਤਾ, 'ਸੰਵਿਧਾਨਕ ਅਦਾਲਤ ਨੂੰ ਸਾਰੇ ਤੱਥਾਂ ਅਤੇ ਹਾਲਾਤ ਨੂੰ ਉਸ ਪੱਖ ਦੇ ਨਜ਼ਰੀਏ ਤੋਂ ਦੇਖਣਾ ਚਾਹੀਦਾ ਹੈ ਜੋ ਗਰਭਪਾਤ ਕਰਵਾਉਣਾ ਚਾਹੁੰਦੀ ਹੈ ਅਤੇ ਇਸ ਦੇ ਡਾਕਟਰੀ ਜੋਖਮ ਉਠਾਉਣ ਲਈ ਤਿਆਰ ਹੈ। ਅਦਾਲਤ ਨੂੰ ਗਰਭ ਅਵਸਥਾ ਪੂਰੀ ਕਰਨ ਅਤੇ ਕਿਸੇ ਅਣਚਾਹੇ ਬੱਚੇ ਨੂੰ ਜਨਮ ਦੇਣ ਦਾ ਹੁਕਮ ਨਹੀਂ ਦੇਣਾ ਚਾਹੀਦਾ।'

ਸਿਖਰਲੀ ਅਦਾਲਤ ਨੇ ਕਿਹਾ ਕਿ ਇਸ ਮਾਮਲੇ ਵਿੱਚ ਨਾਬਾਲਗ 15 ਸਾਲ ਦੀ ਹੈ ਅਤੇ ਗਰਭ ਅਵਸਥਾ ਅਣਚਾਹੀ ਹੈ। ਅਦਾਲਤ ਨੇ ਕਿਹਾ ਕਿ ਗਰਭ ਅਵਸਥਾ ਨੂੰ ਜਾਰੀ ਰੱਖਣਾ ਗਰਭਵਤੀ ਨਾਬਾਲਗ ਦੇ ਹਿੱਤ ਵਿੱਚ ਨਹੀਂ ਹੈ, ਖਾਸ ਕਰਕੇ ਜਦੋਂ ਉਸ ਨੇ ਦੋ ਵਾਰ ਆਪਣੀ ਜਾਨ ਲੈਣ ਦੀ ਕੋਸ਼ਿਸ਼ ਕੀਤੀ ਹੋਵੇ।

# ਬਿਸ਼ਨੋਈ ਦੇ ਜੀਵਨ 'ਤੇ ਆਧਾਰਿਤ ਡਾਕੂਮੈਂਟਰੀ 'ਲਾਰੈਂਸ ਆਫ਼ ਪੰਜਾਬ' ਕੇਂਦਰ ਵੱਲੋਂ ਜ਼ੀ5 ਨੂੰ ਰਿਲੀਜ਼ ਨਾ ਕਰਨ ਦੀ ਸਲਾਹ




ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਕੇਂਦਰ ਸਰਕਾਰ ਨੇ ਲਾਰੈਂਸ ਆਫ ਪੰਜਾਬ ਵੈੱਬ ਸੀਰੀਜ਼ 'ਤੇ ਰੋਕ ਲਗਾ ਦਿੱਤੀ ਹੈ। ਇਸ ਦੀ ਗੱਲ ਦੀ ਜਾਣਕਾਰੀ ਅੱਜ ਕੇਂਦਰੀ ਸੂਚਨਾ ਮੰਤਰਾਲੇ ਨੇ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਸਾਂਝੀ ਕੀਤੀ ਹੈ। ਦਰਅਸਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੀਵਨ 'ਤੇ ਆਧਾਰਿਤ ਇਸ ਸੀਰੀਜ਼ ਦੀ ਰਿਲੀਜ਼ 'ਤੇ ਰੋਕ ਲਗਾਉਣ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਖਲ ਕੀਤੀ ਸੀ। ਪਟੀਸ਼ਨ 'ਤੇ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਲਾਰੈਂਸ ਆਫ ਪੰਜਾਬ 'ਤੇ ਪਾਬੰਦੀ ਵਾਲਾ ਪੱਤਰ ਸਾਂਝਾ ਕੀਤਾ ਹੈ।

ਉੱਥੇ ਹੀ ਬੀਤੇ ਦਿਨ ਪੰਜਾਬ ਪੁਲਿਸ ਨੇ ਵੀ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਇਸ ਵੈੱਬ ਸੀਰੀਜ਼ ਉੱਤੇ ਰੋਕ ਲਗਾਏ ਜਾਣ ਦੀ ਮੰਗ ਕੀਤੀ ਸੀ। ਸਾਈਬਰ ਕ੍ਰਾਈਮ ਦੇ ਸਪੈਸ਼ਲ ਡੀਜੀਪੀ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਇਸ ਵੈੱਬ ਸੀਰੀਜ਼ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜ਼ਿੰਦਗੀ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੀਆਂ ਅਪਰਾਧਿਕ ਵਾਰਦਾਤਾਂ ਨੂੰ ਦਿਖਾਇਆ ਜਾਣਾ ਹੈ। ਇਸ ਸੀਰੀਜ਼ ਵਿੱਚ ਇਹ ਵੀ ਦਿਖਾਇਆ ਜਾਵੇਗਾ ਕਿ ਕਿਵੇਂ ਉਹ (ਲਾਰੈਂਸ) ਇੱਕ ਵਿਦਿਆਰਥੀ ਆਗੂ ਤੋਂ ਅਪਰਾਧ ਦੀ ਦੁਨੀਆ ਦੇ ਸਿਖਰ ਤੱਕ ਪਹੁੰਚਿਆ। ਪੱਤਰ 'ਚ ਕਿਹਾ ਗਿਆ ਸੀ ਕਿ ਇਸ ਵੈੱਬ ਸੀਰੀਜ਼ ਨੂੰ ਲੈ ਕੇ ਸਮਾਜ ਦੇ ਵੱਖ-ਵੱਖ ਵਰਗਾਂ 'ਚ ਤਿੱਖਾ ਪ੍ਰਤੀਕਰਮ ਹੈ ਅਤੇ ਵੈੱਬ ਸੀਰੀਜ਼ 'ਚ ਅਪਰਾਧ ਨੂੰ ਵਡਿਆਇਆ ਗਿਆ ਹੈ, ਜਿਸ ਦਾ ਨੌਜਵਾਨਾਂ 'ਤੇ ਮਾੜਾ ਅਸਰ ਪਵੇਗਾ।ਚੇਤੇ ਰਹੇ ਕਿ ਓ ਟੀ ਟੀ ਪਲੇਟਫ਼ਾਰਮ ਜ਼ੀ5 'ਤੇ 27 ਅਪਰੈਲ ਨੂੰ 'ਲਾਰੈਂਸ ਆਫ਼ ਪੰਜਾਬ' ਵੈੱਬ ਸੀਰੀਜ਼ ਰਿਲੀਜ਼ ਹੋਣ ਵਾਲੀ ਸੀ।

## ਡਾਕੂਮੈਂਟਰੀ ਵਿਵਾਦ: ਕੇਂਦਰ ਦੀ ਰੋਕ ਵਿਰੁੱਧ 'ਜ਼ੀ-5' ਨੇ ਖੋਲ੍ਹਿਆ ਮੋਰਚਾ

ਨਵੀਂ ਦਿੱਲੀ , 24 ਅਪ੍ਰੈਲ (ਪ੍ਰਤੀਨਿਧੀ) : ਓਟੀਟੀ ਪਲੇਟਫ਼ਾਰਮ 'ਜ਼ੀ-5' ਨੇ ਸ਼ੁੱਕਰਵਾਰ ਨੂੰ ਦਿੱਲੀ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਉਹ ਕੇਂਦਰ ਸਰਕਾਰ ਦੀ ਉਸ ਐਡਵਾਈਜ਼ਰੀ ਨੂੰ ਕਾਨੂੰਨੀ ਚੁਣੌਤੀ ਦੇਵੇਗਾ, ਜਿਸ ਰਾਹੀਂ ਕਥਿਤ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੀਵਨ 'ਤੇ ਆਧਾਰਿਤ ਡਾਕੂਮੈਂਟਰੀ 'ਲਾਰੈਂਸ ਆਫ ਪੰਜਾਬ' ਦੇ ਪ੍ਰਸਾਰਣ 'ਤੇ ਰੋਕ ਲਗਾਈ ਗਈ ਹੈ। ਇਸ ਕਦਮ ਨੇ ਅਪਰਾਧ ਜਗਤ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਗੁੰਝਲਦਾਰ ਮੁੱਦੇ ਨੂੰ ਮੁੜ ਕਾਨੂੰਨੀ ਚਰਚਾ ਦੇ ਕੇਂਦਰ ਵਿੱਚ ਲਿਆ ਦਿੱਤਾ ਹੈ।

ਪਲੇਟਫ਼ਾਰਮ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਰਾਜੀਵ ਨਈਅਰ ਨੇ ਜਸਟਿਸ ਪੁਰੁਸ਼ੇਂਦਰ ਕੁਮਾਰ ਕੌਰਵ ਦੇ ਬੈਂਚ ਨੂੰ ਦੱਸਿਆ ਕਿ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਡਾਕੂਮੈਂਟਰੀ ਦੇ ਤੈਅਸ਼ੁਦਾ ਪ੍ਰਸਾਰਣ ਤੋਂ ਠੀਕ ਪਹਿਲਾਂ ਇੱਕ ਅਧਿਕਾਰਤ ਪੱਤਰ ਜਾਰੀ ਕਰਕੇ ਪਲੇਟਫ਼ਾਰਮ ਨੂੰ ਇਸ ਦੀ ਰਿਲੀਜ਼ ਰੋਕਣ ਦੀ ਹਦਾਇਤ ਦਿੱਤੀ ਸੀ। ਨਈਅਰ ਨੇ ਅਦਾਲਤ ਵਿੱਚ ਸਪੱਸ਼ਟ ਕੀਤਾ ਕਿ ਸਰਕਾਰ ਦੇ ਇਸ ਨਿਰਦੇਸ਼ ਨੇ ਡਾਕੂਮੈਂਟਰੀ ਦੀ ਰਿਲੀਜ਼ ਨੂੰ ਪੂਰੀ ਤਰ੍ਹਾਂ ਠੱਪ ਕਰ ਦਿੱਤਾ ਹੈ, ਜਿਸ ਖ਼ਿਲਾਫ਼ ਹੁਣ ਜ਼ੀ-5 ਕਾਨੂੰਨੀ ਚਾਰਾਜੋਈ ਦਾ ਰਸਤਾ ਅਖ਼ਤਿਆਰ ਕਰੇਗਾ।

ਦੂਜੇ ਪਾਸੇ, ਅਦਾਲਤ ਲਾਰੈਂਸ ਬਿਸ਼ਨੋਈ ਵੱਲੋਂ ਦਾਇਰ ਉਸ ਪਟੀਸ਼ਨ 'ਤੇ ਵੀ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਉਸ ਨੇ ਆਪਣੇ ਨਿੱਜੀ ਅਧਿਕਾਰਾਂ ਦਾ ਹਵਾਲਾ ਦਿੰਦੇ ਹੋਏ ਇਸ ਸੀਰੀਜ਼ ਨੂੰ ਰੋਕਣ ਦੀ ਮੰਗ ਕੀਤੀ ਸੀ। ਹਾਲਾਂਕਿ, ਸੁਣਵਾਈ ਦੌਰਾਨ ਬਿਸ਼ਨੋਈ ਦੇ ਵਕੀਲ ਦੇ ਹਾਜ਼ਰ ਨਾ ਹੋਣ ਕਾਰਨ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 27 ਅਪਰੈਲ ਤੱਕ ਮੁਲਤਵੀ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਦਾ ਇਹ ਫ਼ੈਸਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੱਲ ਰਹੀ ਉਸ ਕਾਰਵਾਈ ਤੋਂ ਬਾਅਦ ਆਇਆ ਹੈ, ਜਿਸ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਡਾਕੂਮੈਂਟਰੀ ਦਾ ਤਿੱਖਾ ਵਿਰੋਧ ਕੀਤਾ ਸੀ। ਸਰਕਾਰੀ ਐਡਵਾਈਜ਼ਰੀ ਵਿੱਚ ਪੰਜਾਬ ਪੁਲਿਸ ਦੇ ਉਨ੍ਹਾਂ ਖ਼ਦਸ਼ਿਆਂ ਦਾ ਹਵਾਲਾ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਇਸ ਡਾਕੂਮੈਂਟਰੀ ਨਾਲ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ ਅਤੇ ਇਹ ਸੰਗਠਿਤ ਅਪਰਾਧ ਨੂੰ ਵਡਿਆਉਣ ਦਾ ਕੰਮ ਕਰ ਸਕਦੀ ਹੈ।

ਮੰਤਰਾਲੇ ਨੇ ਆਪਣੇ ਨਿਰਦੇਸ਼ਾਂ ਵਿੱਚ 'ਵਾਜਬ ਖ਼ਦਸ਼ਾ' ਪ੍ਰਗਟਾਇਆ ਹੈ ਕਿ 'ਲਾਰੈਂਸ ਆਫ ਪੰਜਾਬ' ਜਨਤਕ ਵਿਵਸਥਾ ਲਈ ਘਾਤਕ ਸਿੱਧ ਹੋ ਸਕਦੀ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਅਪਰਾਧ ਵੱਲ ਪ੍ਰੇਰਿਤ ਕਰ ਸਕਦੀ ਹੈ। ਦੂਜੇ ਪਾਸੇ, ਜ਼ੀ-5 ਦਾ ਦਾਅਵਾ ਹੈ ਕਿ ਇਹ ਡਾਕੂਮੈਂਟਰੀ ਸਿਰਫ਼ ਬਿਸ਼ਨੋਈ ਦੇ ਵਿਦਿਆਰਥੀ ਰਾਜਨੀਤੀ ਤੋਂ ਲੈ ਕੇ ਅਪਰਾਧ ਦੀ ਦੁਨੀਆ ਤੱਕ ਦੇ ਸਫ਼ਰ ਦਾ ਇੱਕ ਦਸਤਾਵੇਜ਼ੀ ਚਿਤਰਣ ਹੈ। ਹੁਣ ਸਭ ਦੀਆਂ ਨਜ਼ਰਾਂ 27 ਅਪਰੈਲ ਦੀ ਸੁਣਵਾਈ 'ਤੇ ਟਿਕੀਆਂ ਹੋਈਆਂ ਹਨ।

# ਟੋਲ ਪਲਾਜ਼ਿਆਂ 'ਤੇ ਰੁਕਣ ਦਾ ਝੰਜਟ ਹੋਵੇਗਾ ਖ਼ਤਮ ! ਦੇਸ਼ ਭਰ 'ਚ ਲਾਗੂ ਹੋਵੇਗਾ ਨਵਾਂ ਸਿਸਟਮ



ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਦੇਸ਼ ਭਰ ਦੇ ਕਈ ਰਾਸ਼ਟਰੀ ਰਾਜਮਾਰਗਾਂ 'ਤੇ ਸਫ਼ਰ ਕਰਨ ਵਾਲੇ ਵਾਹਨ ਚਾਲਕਾਂ ਲਈ ਇੱਕ ਵੱਡੀ ਅਤੇ ਰਾਹਤ ਭਰੀ ਖ਼ਬਰ ਹੈ। ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਐਲਾਨ ਕੀਤਾ ਹੈ ਕਿ ਇਸ ਸਾਲ ਦਸੰਬਰ ਤੱਕ ਦੇਸ਼ ਦੇ ਕਈ ਹਾਈਵੇਅ 'ਤੇ ਬਾਧਾ-ਮੁਕਤ (ਬਿਨਾਂ ਰੁਕਾਵਟ) ਟੋਲ ਵਸੂਲੀ ਦੀ ਨਵੀਂ ਪ੍ਰਣਾਲੀ ਲਾਗੂ ਕਰ ਦਿੱਤੀ ਜਾਵੇਗੀ।

**ਟੋਲ ਪਲਾਜ਼ਿਆਂ 'ਤੇ ਰੁਕਣ ਦੀ ਨਹੀਂ ਪਵੇਗੀ ਲੋੜ**

'ਲੌਜਿਸਟਿਕਸ ਸ਼ਕਤੀ ਸਮਿਟ ਐਂਡ ਅਵਾਰਡਸ 2026' ਦੇ ਦੂਜੇ ਐਡੀਸ਼ਨ ਨੂੰ ਸੰਬੋਧਨ ਕਰਦਿਆਂ ਗਡਕਰੀ ਨੇ ਕਿਹਾ ਕਿ ਇਸ ਨਵੀਂ ਪ੍ਰਣਾਲੀ ਦੇ ਆਉਣ ਨਾਲ ਵਾਹਨ ਚਾਲਕਾਂ ਨੂੰ ਟੋਲ ਪਲਾਜ਼ਿਆਂ 'ਤੇ ਰੁਕਣ ਦੀ ਜ਼ਰੂਰਤ ਨਹੀਂ ਪਵੇਗੀ। ਇਹ ਪ੍ਰਣਾਲੀ ਆਧੁਨਿਕ ਤਕਨੀਕਾਂ ਜਿਵੇਂ ਕਿ ਵਾਹਨ ਦੇ ਨੰਬਰ ਪਛਾਣਨ ਵਾਲੀ ਪ੍ਰਣਾਲੀ, ਫਾਸਟੈਗ, ਤੇਜ਼ ਰਫ਼ਤਾਰ ਕੈਮਰੇ ਅਤੇ ਸੈਂਸਰਾਂ 'ਤੇ ਅਧਾਰਿਤ ਹੋਵੇਗੀ। ਇਨ੍ਹਾਂ ਰਾਹੀਂ ਵਾਹਨਾਂ ਦੀ ਪਛਾਣ ਆਪਣੇ ਆਪ ਹੋ ਜਾਵੇਗੀ ਅਤੇ ਟੋਲ ਦੀ ਰਕਮ ਖਾਤੇ ਵਿੱਚੋਂ ਕੱਟ ਲਈ ਜਾਵੇਗੀ।

**ਨਿਯਮ ਤੋੜਨ ਵਾਲਿਆਂ 'ਤੇ ਹੋਵੇਗੀ ਸਖ਼ਤ ਕਾਰਵਾਈ**

ਕੇਂਦਰੀ ਮੰਤਰੀ ਨੇ ਸਪੱਸ਼ਟ ਕੀਤਾ ਕਿ ਜਿਹੜੇ ਲੋਕ ਨਿਯਮਾਂ ਦੀ ਪਾਲਣਾ ਨਹੀਂ ਕਰਨਗੇ, ਉਨ੍ਹਾਂ ਨੂੰ ਡਿਜੀਟਲ ਰੂਪ ਵਿੱਚ ਨੋਟਿਸ ਭੇਜੇ ਜਾਣਗੇ। ਜੇਕਰ ਕੋਈ ਭੁਗਤਾਨ ਨਹੀਂ ਕਰਦਾ ਤਾਂ ਉਸ ਦਾ ਫਾਸਟੈਗ ਬੰਦ ਕੀਤਾ ਜਾ ਸਕਦਾ ਹੈ ਅਤੇ ਵਾਹਨ ਨਾਲ ਸਬੰਧਤ ਹੋਰ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

**ਆਵਾਜਾਈ ਦੀ ਲਾਗਤ ਘਟਾਉਣ 'ਤੇ ਜ਼ੋਰ**

ਗਡਕਰੀ ਨੇ ਕਿਹਾ ਕਿ ਜੇਕਰ ਭਾਰਤ ਨੇ ਗਲੋਬਲ ਪਾਵਰ ਬਣਨਾ ਹੈ ਤਾਂ ਸਾਨੂੰ ਆਪਣੀ ਆਵਾਜਾਈ (ਟ੍ਰਾਂਸਪੋਰਟੇਸ਼ਨ) ਲਾਗਤ ਨੂੰ ਸਿੰਗਲ ਡਿਜ਼ਿਟ (ਇੱਕ ਅੰਕ) ਵਿੱਚ ਲਿਆਉਣਾ ਹੋਵੇਗਾ। ਉਨ੍ਹਾਂ ਦੱਸਿਆ ਕਿ ਨਵੇਂ ਐਕਸਪ੍ਰੈਸਵੇਅ ਬਣਨ ਨਾਲ ਇਹ ਲਾਗਤ ਪਹਿਲਾਂ ਦੇ 16 ਫ਼ੀਸਦੀ ਤੋਂ ਘਟ ਕੇ ਹੁਣ 10 ਫ਼ੀਸਦੀ ਦੇ ਕਰੀਬ ਆ ਗਈ ਹੈ। ਤੁਲਨਾਤਮਕ ਤੌਰ 'ਤੇ ਅਮਰੀਕਾ ਅਤੇ ਯੂਰਪ ਵਿੱਚ ਇਹ ਲਾਗਤ 12 ਫ਼ੀਸਦੀ ਹੈ, ਜਦਕਿ ਚੀਨ ਵਿੱਚ ਇਹ 8 ਤੋਂ 10 ਫ਼ੀਸਦੀ ਦੇ ਵਿਚਕਾਰ ਹੈ।

**ਵਿਕਲਪਿਕ ਈਂਧਨ ਵੱਲ ਵਧਣ ਦੀ ਲੋੜ**

ਦੇਸ਼ ਦੀ ਤੇਲ ਦੀ ਨਿਰਭਰਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਭਾਰਤ ਆਪਣੀ ਲੋੜ ਦਾ 87 ਫ਼ੀਸਦੀ ਤੇਲ ਦਰਾਮਦ (ਇੰਪੋਰਟ) ਕਰਦਾ ਹੈ, ਜਿਸ 'ਤੇ ਹਰ ਸਾਲ ਲਗਭਗ 22 ਲੱਖ ਕਰੋੜ ਰੁਪਏ ਖ਼ਰਚ ਹੁੰਦੇ ਹਨ। ਇਸ ਨਾਲ ਜਿੱਥੇ ਆਰਥਿਕ ਬੋਝ ਪੈਂਦਾ ਹੈ, ਉੱਥੇ ਹੀ ਪ੍ਰਦੂਸ਼ਣ ਵੀ ਵਧਦਾ ਹੈ। ਇਸ ਸਥਿਤੀ ਨੂੰ ਸੁਧਾਰਨ ਲਈ ਉਨ੍ਹਾਂ ਨੇ ਜੈਵਿਕ (ਬਾਇਓ-ਫਿਊਲ) ਅਤੇ ਵਿਕਲਪਿਕ ਈਂਧਨ ਦੇ ਉਤਪਾਦਨ ਨੂੰ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

# ਫਰਾਂਸ ਨੇ ਭਾਰਤੀ ਨਾਗਰਿਕਾਂ ਲਈ ਏਅਰਪੋਰਟ ਟ੍ਰਾਂਜ਼ਿਟ ਵੀਜ਼ਾ ਦੀ ਸ਼ਰਤ ਕੀਤੀ ਖ਼ਤਮ




ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਫਰਾਂਸ ਨੇ ਭਾਰਤੀਆਂ ਲਈ ਖੁਸ਼ਖਬਰੀ ਦਿੱਤੀ ਹੈ। ਫਰਾਂਸ ਵੱਲੋਂ ਭਾਰਤ ਲਈ ਵੀਜ਼ਾ ਨਿਯਮਾਂ ਵਿੱਚ ਬਦਲਾਅ ਕੀਤਾ ਗਿਆ ਹੈ, ਜਿਸ ਕਾਰਨ ਹੁਣ ਭਾਰਤੀ ਨਾਗਰਿਕਾਂ ਨੂੰ ਏਅਰਪੋਰਟ ਟ੍ਰਾਂਜ਼ਿਟ ਵੀਜ਼ਾ ਦੀ ਲੋੜ ਨਹੀਂ ਪਵੇਗੀ।

ਭਾਰਤ ਨੇ ਫਰਾਂਸ ਦੇ ਇਸ ਨਿਯਮ ਦਾ ਜ਼ੋਰਦਾਰ ਸਵਾਗਤ ਕੀਤਾ ਹੈ। ਫਰਾਂਸ ਵੱਲੋਂ ਦੱਸਿਆ ਗਿਆ ਹੈ ਕਿ ਇਹ ਸਹੂਲਤ 10 ਅਪ੍ਰੈਲ 2026 ਤੋਂ ਲਾਗੂ ਹੋ ਗਈ ਹੈ। ਇਸ ਸਬੰਧੀ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਵੀ ਜਾਣਕਾਰੀ ਦਿੱਤੀ ਹੈ।

ਦੂਤਾਵਾਸ ਨੇ ਕਿਹਾ, '10 ਅਪ੍ਰੈਲ 2026 ਤੋਂ, ਸਧਾਰਨ ਪਾਸਪੋਰਟ ਰੱਖਣ ਵਾਲੇ ਭਾਰਤੀ ਨਾਗਰਿਕਾਂ ਨੂੰ ਫਰਾਂਸੀਸੀ ਖੇਤਰ ਵਿੱਚ ਸਥਿਤ ਹਵਾਈ ਅੱਡਿਆਂ ਦੇ ਅੰਤਰਰਾਸ਼ਟਰੀ ਖੇਤਰ ਵਿੱਚੋਂ ਲੰਘਦੇ ਸਮੇਂ ਹੁਣ 'ਏਅਰਪੋਰਟ ਟ੍ਰਾਂਜ਼ਿਟ ਵੀਜ਼ਾ' ਦੀ ਲੋੜ ਨਹੀਂ ਹੋਵੇਗੀ। ਇਹ ਨਿਯਮ ਉਨ੍ਹਾਂ ਯਾਤਰੀਆਂ 'ਤੇ ਲਾਗੂ ਹੁੰਦਾ ਹੈ ਜੋ ਕਿਸੇ ਤੀਜੇ ਦੇਸ਼ ਦੀ ਯਾਤਰਾ ਦੌਰਾਨ ਫਰਾਂਸੀਸੀ ਹਵਾਈ ਅੱਡੇ 'ਤੇ ਰੁਕਣ (Layover) ਦੇ ਸਮੇਂ ਅੰਤਰਰਾਸ਼ਟਰੀ ਖੇਤਰ ਦੇ ਅੰਦਰ ਹੀ ਰਹਿੰਦੇ ਹਨ।'


**ਉੱਤਰ ਰੇਲਵੇ**

**ਈ-ਨਿਵਿਦਾ (ਈ-ਪ੍ਰੋਕਯੂਮੈਂਟ) ਦੇ ਮਾਧਿਅਮ ਨਾਲ ਨਿਵਿਦਾ ਮੰਗ**

ਹੇਠਾਂ ਲਿਖਤ ਕੰਮ ਦੇ ਲਈ ਸੀਨੀਅਰ ਮੰਡਲ ਇੰਜੀਨੀਅਰ/III, ਉੱਤਰ ਰੇਲਵੇ, ਦਿੱਲੀ ਮੰਡਲ ਵਿਚ ਈ-ਟੈਂਡਰ ਦੀ ਮੰਗ।

| | | |
|---|---|---|
| ਕੰਮ ਦਾ ਨਾਮ | ਡੀਐਲਆਈ ਡਵੀਜਨ ਦੇ ਸਟੇਸ਼ਨਾਂ (ਯਾਨੀ ਡੀਈਈ, ਜੀਜੇਡਬੀ, ਐਨਡੀਐਲਐਸ, ਐਨਜੇਡਐਮ, ਐਮਈਸੀ, ਐਸਐਨਪੀ) ਤੇ ਸਥਾਪਿਤ 21 ਅਸਕੇਲੇਟਰਾਂ ਦੇ ਕੰਟਰੋਲ ਪੈਨਲ ਰੂਮਾਂ ਦੇ ਲਈ ਪੋਰਟਾ ਕੇਬਿਨ ਦੀ ਥਾਂ ਤੇ 2 ਘੰਟੇ ਦੀ ਅਗਨੀ ਸੁਰੱਖਿਆ ਰੇਟਿੰਗ ਵਾਲੀ ਸਥਾਈ ਸਿਵਿਲ ਸੰਰਚਨਾ (ਇਟ ਅਤੇ ਕੰਕ੍ਰੀਟ ਦਾ ਕੰਮ) ਦਾ ਪ੍ਰਾਵਧਾਨ। | |
| ਕੰਮ ਦੀ ਅੰਦਾਜਨ ਲਾਗਤ (ਰੁਪਏ) | ਰੁ.3,30,13,956.55 /-(ਰੁਪਏ ਤਿੰਨ ਕਰੋੜ ਤੀਹ ਲਖ ਤੇਰਾਂ ਹਜਾਰ ਨੌ ਸੌ ਛਪੰਜਾ ਅਤੇ ਪਚਵੰਜਾ ਪੈਸੇ ਕੇਵਲ) | |
| ਬਿਆਨਾ ਰਾਸ਼ੀ (ਰੁਪਏ) | ਰੁ. 6,60,300.00 /- (ਰੁਪਏ ਛੇ ਲਖ ਸੱਠ ਹਜਾਰ ਤਿੰਨ ਸੌ ਕੇਵਲ) | |
| ਨਿਵਿਦਾ ਫਾਰਮ ਦਾ ਮੂਲ (ਰੁਪਏ) | | ਰੁ.0.00 |
| ਨਿਵਿਦਾ ਬੋਲੀ ਪੇਸ਼ ਕਰਨ ਅਤੇ ਨਿਵਿਦਾ ਖੋਲਣ ਦੀ ਮਿਤੀ ਅਤੇ ਸਮਾਂ | | 15.05.2026 ਨੂੰ 15:00 ਤਕ। |
| ਵੈਬਸਾਈਟ ਵੇਰਵਾ ਜਿਥੋਂ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ | | ਨਿਵਿਦਾ www.ireps.gov.in ਵੈਬਸਾਈਟ ਉਤੇ ਉਪਲਬਧ। |

• ਠੇਕੇਦਾਰਾਂ ਨੂੰ ਈ-ਟੈਂਡਰ ਪ੍ਰਣਾਲੀ ਵਿਚ ਭਾਗ ਲੈਣ ਦੇ ਲਈ ਭਾਰਤੀਯ ਰੇਲਵੇ ਈ-ਪ੍ਰੋਕਯੋਰਮੈਂਟ ਸਿਸਟਮ) (IREPS) ਸਾਈਟ ਯਾਨੀ www.ireps.gov.in ਦੇ ਤਹਿਤ ਰਜਿਸਟਰਡ ਹੋਣਾ ਚਾਹੀਦਾ। • ਸਾਰੇ ਨਿਯਮਾਂ ਅਤੇ ਸ਼ਰਤਾਂ ਦੇ ਲਈ ਕਿਰਪਾ ਟੈਂਡਰ ਦਸਤਾਵੇਜ ਦੇਖੋ।• ਮੈਨੂਅਲ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ। • ਟੈਂਡਰ ਦਸਤਾਵੇਜ ਅਤੇ ਬਿਆਨਾ ਦੀ ਲਾਗਤ ਕੇਵਲ ਨੈਟ ਬੈਂਕਿੰਗ ਜਾਂ ਭੁਗਤਾਨ ਗੇਟਵੇ ਦੇ ਮਾਧਿਅਮ ਨਾਲ ਸਵੀਕਾਰੀ ਹੋਵੇਗੀ। ਨੰ. :128-W/280/ਈ-ਨਿਵਿਦਾ ਸੂਚਨਾ/10-2026-27/W-3 ਮਿਤੀ: 23.04.2026 1356/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਵੋਟ ਤੋਂ ਵਾਂਝੇ ਚੋਣ ਮੁਲਾਜ਼ਮਾਂ ਦੀ ਅਪੀਲ ਸੁਪਰੀਮ ਕੋਰਟ ਵੱਲੋਂ ਖ਼ਾਰਜ

## ਅਦਾਲਤ ਨੇ ਪਟੀਸ਼ਨਰਾਂ ਨੂੰ ਟ੍ਰਿਬਿਊਨਲ ਕੋਲ ਜਾਣ ਦੇ ਦਿੱਤੇ ਹੁਕਮ





ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਪੱਛਮੀ ਬੰਗਾਲ ਵਿੱਚ ਚੋਣ ਡਿਊਟੀ 'ਤੇ ਤਾਇਨਾਤ 65 ਮੁਲਾਜ਼ਮਾਂ ਸਮੇਤ ਕਈ ਵੋਟਰਾਂ ਦੇ ਨਾਂ ਵੋਟਰ ਸੂਚੀ ਵਿੱਚੋਂ ਕੱਟੇ ਜਾਣ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਸੁਣਵਾਈ ਤੋਂ ਇਨਕਾਰ ਕਰਦਿਆਂ ਪਟੀਸ਼ਨਰਾਂ ਨੂੰ ਅਪੀਲੀ ਟ੍ਰਿਬਿਊਨਲਾਂ ਕੋਲ ਪਹੁੰਚ ਕਰਨ ਦੇ ਨਿਰਦੇਸ਼ ਦਿੱਤੇ ਹਨ।

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਪੱਛਮੀ ਬੰਗਾਲ ਦੇ ਉਨ੍ਹਾਂ ਕਈ ਵਿਅਕਤੀਆਂ ਦੀਆਂ ਪਟੀਸ਼ਨਾਂ 'ਤੇ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਹੈ, ਜਿਨ੍ਹਾਂ ਦੇ ਨਾਂ ਚੋਣਾਂ ਤੋਂ ਪਹਿਲਾਂ Special Intensive Revision (SIR) ਪ੍ਰਕਿਰਿਆ ਦੌਰਾਨ ਵੋਟਰ ਸੂਚੀ ਵਿੱਚੋਂ ਕੱਟ ਦਿੱਤੇ ਗਏ ਸਨ। ਇਨ੍ਹਾਂ ਪਟੀਸ਼ਨਰਾਂ ਵਿੱਚ ਚੋਣ ਡਿਊਟੀ 'ਤੇ ਤਾਇਨਾਤ 65 ਮੁਲਾਜ਼ਮ ਵੀ ਸ਼ਾਮਲ ਹਨ।

ਸਿਖਰਲੀ ਅਦਾਲਤ ਨੇ ਪਟੀਸ਼ਨਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਵੋਟਰ ਸੂਚੀ ਵਿੱਚੋਂ ਨਾਂ ਹਟਾਏ ਜਾਣ ਵਿਰੁੱਧ ਬਣਾਏ ਗਏ 'ਅਪੀਲੀ ਟ੍ਰਿਬਿਊਨਲਾਂ' ਕੋਲ ਪਹੁੰਚ ਕਰਨ। ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਏਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ. ਪੰਚੋਲੀ ਦੀ ਬੈਂਚ ਨੇ ਦੋ ਵੱਖ-ਵੱਖ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਵਕੀਲਾਂ ਨੂੰ ਸਪੱਸ਼ਟ ਕੀਤਾ, 'ਤੁਹਾਨੂੰ ਆਪਣੀਆਂ ਦਲੀਲਾਂ ਅਪੀਲੀ ਟ੍ਰਿਬਿਊਨਲ ਅੱਗੇ ਰੱਖਣੀਆਂ ਚਾਹੀਦੀਆਂ ਹਨ।'

ਪਟੀਸ਼ਨਰਾਂ ਦੇ ਵਕੀਲ ਨੇ ਦਲੀਲ ਦਿੱਤੀ ਕਿ ਇਨ੍ਹਾਂ ਮਾਮਲਿਆਂ ਵਿੱਚ ਵਿਸ਼ੇਸ਼ ਗੱਲ ਇਹ ਹੈ ਕਿ 65 ਪਟੀਸ਼ਨਰ ਖੁਦ ਸੂਬੇ ਵਿੱਚ ਚੋਣ ਡਿਊਟੀ ਕਰ ਰਹੇ ਹਨ। ਵਕੀਲ ਨੇ ਅਦਾਲਤ ਨੂੰ ਦੱਸਿਆ, 'ਚੋਣ ਡਿਊਟੀ ਲਈ ਜਾਰੀ ਕੀਤੇ ਗਏ ਹੁਕਮਾਂ ਵਿੱਚ ਉਨ੍ਹਾਂ ਦੇ ਵੋਟਰ ਕਾਰਡ (EPIC) ਨੰਬਰ ਦਾ ਜ਼ਿਕਰ ਸੀ, ਪਰ ਬਾਅਦ ਵਿੱਚ ਵੋਟਰ ਸੂਚੀ ਵਿੱਚੋਂ ਉਨ੍ਹਾਂ ਦੇ ਨਾਂ ਹੀ ਹਟਾ ਦਿੱਤੇ ਗਏ। ਹੁਣ ਚੋਣ ਡਿਊਟੀ 'ਤੇ ਤਾਇਨਾਤ ਇਹ ਮੁਲਾਜ਼ਮ ਖੁਦ ਵੋਟ ਨਹੀਂ ਪਾ ਸਕਣਗੇ। ਇਹ ਸਿੱਧੇ ਤੌਰ 'ਤੇ ਮਨਮਾਨੀ ਹੈ।'

ਵਕੀਲ ਨੇ ਅੱਗੇ ਕਿਹਾ ਕਿ ਵੋਟਰ ਸੂਚੀ ਵਿੱਚੋਂ ਨਾਂ ਕੱਟਣ ਤੋਂ ਪਹਿਲਾਂ ਪਟੀਸ਼ਨਰਾਂ ਨੂੰ ਕੋਈ 'ਕਾਰਨ ਦੱਸੋ ਨੋਟਿਸ' ਵੀ ਜਾਰੀ ਨਹੀਂ ਕੀਤਾ ਗਿਆ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਪਟੀਸ਼ਨਰ ਪਹਿਲਾਂ ਹੀ ਟ੍ਰਿਬਿਊਨਲ ਕੋਲ ਅਪੀਲ ਕਰ ਚੁੱਕੇ ਹਨ। ਇਸ ਉੱਤੇ ਬੈਂਚ ਨੇ ਕਿਹਾ, 'ਅਪੀਲੀ ਟ੍ਰਿਬਿਊਨਲ ਵੱਲੋਂ ਇਸ ਮਾਮਲੇ ਵਿੱਚ ਢੁਕਵੇਂ ਹੁਕਮ ਪਾਸ ਕੀਤੇ ਜਾਣਗੇ। ਅਸੀਂ ਵੋਟਰ ਸੂਚੀ ਵਿੱਚ ਨਾਂ ਬਰਕਰਾਰ ਰੱਖਣ ਦੇ ਵਧੇਰੇ ਅਹਿਮ ਅਧਿਕਾਰ ਦੀ ਵੀ ਸਮੀਖਿਆ ਕਰਾਂਗੇ।'

ਅਦਾਲਤ ਕੁੱਲ 77 ਵਿਅਕਤੀਆਂ ਵੱਲੋਂ ਦਾਇਰ ਦੋ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਸੀ। ਇਨ੍ਹਾਂ ਪਟੀਸ਼ਨਾਂ ਵਿੱਚ ਮੰਗ ਕੀਤੀ ਗਈ ਸੀ ਕਿ ਚੋਣ ਕਮਿਸ਼ਨ ਨੂੰ ਉਨ੍ਹਾਂ ਵੋਟਰਾਂ ਨੂੰ ਵੋਟ ਪਾਉਣ ਦੀ ਇਜਾਜ਼ਤ ਦੇਣ ਦਾ ਨਿਰਦੇਸ਼ ਦਿੱਤਾ ਜਾਵੇ, ਜਿਨ੍ਹਾਂ ਦੀਆਂ ਅਪੀਲਾਂ ਟ੍ਰਿਬਿਊਨਲ ਕੋਲ ਲੰਬਿਤ ਹਨ।


ਜ਼ਿਕਰਯੋਗ ਹੈ ਕਿ ਪੱਛਮੀ ਬੰਗਾਲ ਵਿੱਚ ਪਹਿਲੇ ਪੜਾਅ ਦੀਆਂ ਚੋਣਾਂ 23 ਅਪਰੈਲ ਨੂੰ ਹੋ ਚੁੱਕੀਆਂ ਹਨ, ਜਦਕਿ ਦੂਜੇ ਤੇ ਆਖ਼ਰੀ ਪੜਾਅ ਲਈ ਵੋਟਾਂ 29 ਅਪਰੈਲ ਨੂੰ ਪੈਣੀਆਂ ਹਨ। ਨਤੀਜਿਆਂ ਦਾ ਐਲਾਨ 4 ਮਈ ਨੂੰ ਕੀਤਾ ਜਾਵੇਗਾ।

ਇਸ ਤੋਂ ਪਹਿਲਾਂ ਸਿਖਰਲੀ ਅਦਾਲਤ ਨੇ ਚੋਣ ਕਮਿਸ਼ਨ ਨੂੰ ਹਦਾਇਤ ਕੀਤੀ ਸੀ ਕਿ ਜਿਨ੍ਹਾਂ ਵੋਟਰਾਂ ਦੀਆਂ ਅਪੀਲਾਂ ਟ੍ਰਿਬਿਊਨਲ ਵੱਲੋਂ ਪਰਵਾਨ ਕਰ ਲਈਆਂ ਗਈਆਂ ਹਨ, ਉਨ੍ਹਾਂ ਦੇ ਨਾਂ ਸ਼ਾਮਲ ਕਰਨ ਲਈ ਸਪਲੀਮੈਂਟਰੀ ਵੋਟਰ ਸੂਚੀ ਜਾਰੀ ਕੀਤੀ ਜਾਵੇ। ਹਾਲਾਂਕਿ, ਅਦਾਲਤ ਨੇ ਸਾਫ਼ ਕੀਤਾ ਕਿ ਜਿਨ੍ਹਾਂ ਦੀਆਂ ਅਪੀਲਾਂ ਅਜੇ ਲੰਬਿਤ ਹਨ, ਉਨ੍ਹਾਂ ਨੂੰ ਮਹਿਜ਼ ਇਸ ਆਧਾਰ 'ਤੇ ਵੋਟ ਪਾਉਣ ਦਾ ਹੱਕ ਨਹੀਂ ਮਿਲੇਗਾ।

ਅਦਾਲਤ ਨੇ ਸੰਵਿਧਾਨ ਦੀ ਧਾਰਾ 142 ਤਹਿਤ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕਿਹਾ ਕਿ ਜੇਕਰ ਟ੍ਰਿਬਿਊਨਲ 21 ਅਪਰੈਲ ਜਾਂ 27 ਅਪਰੈਲ (ਚੋਣ ਪੜਾਅ ਅਨੁਸਾਰ) ਤੱਕ ਅਪੀਲਾਂ ਦਾ ਨਿਪਟਾਰਾ ਕਰ ਦਿੰਦੇ ਹਨ, ਤਾਂ ਉਨ੍ਹਾਂ ਵੋਟਰਾਂ ਨੂੰ ਵੋਟ ਦਾ ਅਧਿਕਾਰ ਦਿੱਤਾ ਜਾਵੇ।

ਕਲਕੱਤਾ ਹਾਈ ਕੋਰਟ ਦੇ ਮੁੱਖ ਜੱਜ ਨੇ ਇਨ੍ਹਾਂ ਅਪੀਲਾਂ ਦੇ ਜਲਦ ਨਿਪਟਾਰੇ ਲਈ 19 ਟ੍ਰਿਬਿਊਨਲ ਗਠਿਤ ਕੀਤੇ ਹਨ, ਜਿਨ੍ਹਾਂ ਦੀ ਅਗਵਾਈ ਹਾਈ ਕੋਰਟ ਦੇ ਸਾਬਕਾ ਮੁੱਖ ਜੱਜਾਂ ਅਤੇ ਜੱਜਾਂ ਵੱਲੋਂ ਕੀਤੀ ਜਾ ਰਹੀ ਹੈ।

# ਸ਼ਿਮਲਾ ਦੇ ਢਲੀ ਵਿਖੇ 8.040 ਗ੍ਰਾਮ ਹੈਰੋਇਨ ਸਮੇਤ ਪੰਜਾਬ ਦਾ ਨੌਜਵਾਨ ਗ੍ਰਿਫ਼ਤਾਰ



ਸ਼ਿਮਲਾ, 24 ਅਪ੍ਰੈਲ (ਪ੍ਰਤੀਨਿਧੀ) : ਮੁਕੱਦਮਾ ਨੰਬਰ 32/2026, ਮਿਤੀ 23.04.2026 ਦੇ ਤਹਿਤ ਥਾਣਾ ਢਲੀ, ਜ਼ਿਲ੍ਹਾ ਸ਼ਿਮਲਾ (ਹਿ.ਪ੍ਰ.) ਵਿੱਚ ਧਾਰਾ 21 ਐਨ.ਡੀ.ਪੀ.ਐਸ. ਐਕਟ ਦੇ ਅਧੀਨ ਨਸ਼ਾ ਤਸਕਰੀ ਵਿਰੁੱਧ ਪੁਲਿਸ ਨੇ ਇੱਕ ਹੋਰ ਅਹਿਮ ਕਾਰਵਾਈ ਕੀਤੀ ਹੈ। ਜ਼ਿਲ੍ਹਾ ਸ਼ਿਮਲਾ ਪੁਲਿਸ ਵੱਲੋਂ ਨਸ਼ਿਆਂ ਦੇ ਨਜਾਇਜ਼ ਕਾਰੋਬਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਇਹ ਸਫ਼ਲਤਾ ਹਾਸਲ ਹੋਈ ਹੈ।

ਜਾਣਕਾਰੀ ਅਨੁਸਾਰ 23 ਅਪ੍ਰੈਲ 2026 ਨੂੰ ਥਾਣਾ ਢਲੀ ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਢਲੀ ਚੌਂਕ ਸਥਿਤ ਇੱਕ ਗੈਸਟ ਹਾਊਸ ਦੇ ਕਮਰੇ ਵਿੱਚ ਆਜ਼ਾਦ ਗਵਾਹਾਂ ਦੀ ਮੌਜੂਦਗੀ ਵਿੱਚ ਛਾਪੇਮਾਰੀ ਕੀਤੀ। ਤਲਾਸ਼ੀ ਦੌਰਾਨ ਮੁਲਜ਼ਮ ਵਿਸ਼ਾਲ ਰਾਣਾ (19 ਸਾਲ), ਪੁੱਤਰ ਸ਼ੇਰ ਸਿੰਘ ਰਾਣਾ, ਨਿਵਾਸੀ ਇੱਛੇਵਾਲਾ ਰੋਡ, ਫਿਰੋਜ਼ਪੁਰ ਸਿਟੀ, ਜ਼ਿਲ੍ਹਾ ਫਿਰੋਜ਼ਪੁਰ (ਪੰਜਾਬ) ਦੇ ਕਬਜ਼ੇ ਵਿੱਚੋਂ 8.040 ਗ੍ਰਾਮ ਹੈਰੋਇਨ/ਚਿੱਟਾ ਬਰਾਮਦ ਹੋਇਆ।ਬਰਾਮਦਗੀ ਦੇ ਆਧਾਰ 'ਤੇ ਮੁਲਜ਼ਮ ਖ਼ਿਲਾਫ਼ ਥਾਣਾ ਢਲੀ ਵਿਖੇ ਮੁਕੱਦਮਾ ਨੰਬਰ 32/2026 ਦਰਜ ਕਰਕੇ ਉਸ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਅਨੁਸਾਰ ਮਾਮਲੇ ਦੀ ਅਗਲੇਰੀ ਜਾਂਚ ਹਰ ਪਹਿਲੂ ਤੋਂ ਕੀਤੀ ਜਾ ਰਹੀ ਹੈ ਅਤੇ ਨਸ਼ਾ ਤਸਕਰੀ ਨਾਲ ਜੁੜੇ ਨੈੱਟਵਰਕ ਦੀਆਂ ਕੜੀਆਂ ਨੂੰ ਫਰੋਲਿਆ ਜਾ ਰਿਹਾ ਹੈ।


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਵਿ. ਇੰਜੀ./ਕ.ਵਿ.ਡੀ.ਆਰ ਐਮ. ਆਫਿਸ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਕੰਮ ਲਈ ਖੁਲ੍ਹੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ:-

| | | |
|---|---|---|
| 1 | ਕੰਮ ਦਾ ਨਾਮ ਤੇ ਸਥਾਨ | ਦਿੱਲੀ ਮੰਡਲ ਦੇ ਡੀਯੂਕੇ ਅਤੇ ਐਸਪੀਆਰ ਸੈਕਸ਼ਨਾਂ ਤੇ 11 ਟ੍ਰੈਕਸ਼ਨ ਸਬ ਸਟੇਸ਼ਨਾਂ ਤੇ ਸਟਾਫ ਦੀ ਮੈਨਿੰਗ। |
| 2 | ਅੰਦਾਜਨ ਲਾਗਤ | Rs. 2,38,55,561.15/- |
| 3 | ਬਿਆਨਾ ਰਾਸ਼ੀ | Rs. 2,69,300/- |
| 4 | ਪ੍ਰੀ-ਬਿਡ ਮੀਟਿੰਗ ਦੀ ਮਿਤੀ ਅਤੇ ਸਮਾਂ | 29.04.2026 (11.30 hrs.) |
| 5 | ਈ-ਨਿਵਿਦਾ ਆਨਲਾਈਨ ਜਮ੍ਹਾ ਕਰਨ ਦਾ ਸਮਾਂ | 02.05.2026 (10:30 ਵਜੇ) ਤੋਂ 16.05.2026 (13:00 ਵਜੇ ਤਕ) |
| 6 | ਈ-ਨਿਵਿਦਾ ਸਮਾਪਤੀ ਦੀ ਅੰਤਮ ਅਤੇ ਈ-ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ | 16.05.2026 (13.00 ਵਜੇ) |
| 7 | ਨਿਵਿਦਾ ਛਪਾਈ ਦੀ ਲਾਗਤ | 07041032 |
| 8 | ਵੈਬਸਾਈਟ ਵੇਰਵਾ ਜਿਥੋਂ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ। | www.ireps.gov.in |

ਨਿਵਿਦਾ ਸੰਖਿਆ: 05-ਕ.ਵਿ.-ਨਵੀਂ ਦਿੱਲੀ-2026-27 ਮਿਤੀ : 24.04.2026 1377/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਕਸ਼ਮੀਰ ਨੂੰ ਰਾਜ ਦਾ ਦਰਜਾ ਦੇਣ ਤੋਂ ਇਨਕਾਰ ਕਰਨਾ ਸਜ਼ਾ ਦੇ ਸਮਾਨ ਹੈ: ਉਮਰ ਅਬਦੁੱਲਾ

ਸ਼੍ਰੀਨਗਰ, 24 ਅਪ੍ਰੈਲ (ਪ੍ਰਤੀਨਿਧੀ) : ਮੁੱਖ ਮੰਤਰੀ ਉਮਰ ਅਬਦੁੱਲਾ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਜੰਮੂ-ਕਸ਼ਮੀਰ ਨੂੰ ਰਾਜ ਦਾ ਦਰਜਾ ਦੇਣ ਵਿੱਚ ਦੇਰੀ ਕਰਨ ਦਾ ਦੋਸ਼ ਲਗਾਇਆ, ਇਸਨੂੰ ਲੋਕਾਂ ਦੀ ਵੋਟ ਦੀ 'ਸਜ਼ਾ' ਵਜੋਂ ਦੇਖਿਆ ਜਾ ਰਿਹਾ ਹੈ। ਮੁੱਖ ਮੰਤਰੀ ਦਾ ਇਹ ਬਿਆਨ ਵਿਰੋਧੀ ਧਿਰ ਦੇ ਨੇਤਾ ਸੁਨੀਲ ਸ਼ਰਮਾ ਵੱਲੋਂ ਅਬਦੁੱਲਾ ਸਰਕਾਰ 'ਤੇ 'ਅਯੋਗਤਾ, ਭ੍ਰਿਸ਼ਟਾਚਾਰ ਅਤੇ ਗਲਤ ਤਰਜੀਹਾਂ' ਦਾ ਦੋਸ਼ ਲਗਾਉਣ ਤੋਂ ਬਾਅਦ ਆਇਆ ਹੈ।



ਵਿਰੋਧੀ ਧਿਰ ਦੇ ਨੇਤਾ ਨੇ ਸ਼ੁੱਕਰਵਾਰ ਨੂੰ ਕਿਹਾ, 'ਰਾਜ ਦਾ ਦਰਜਾ ਸਮੇਂ ਸਿਰ ਦਿੱਤਾ ਜਾਵੇਗਾ ਪਰ ਇਸਨੂੰ ਕਿਸੇ ਇੱਕ ਨੇਤਾ ਦੇ ਮੁੱਖ ਮੰਤਰੀ ਬਣਨ ਨਾਲ ਨਹੀਂ ਜੋੜਿਆ ਜਾ ਸਕਦਾ।' ਇਸ ਦੇ ਜਵਾਬ ਵਿੱਚ ਸ਼੍ਰੀ ਅਬਦੁੱਲਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਰਾਜੌਰੀ ਜ਼ਿਲ੍ਹੇ ਦੇ ਨੌਸ਼ਹਿਰਾ ਖੇਤਰ ਵਿੱਚ ਹਾਲ ਹੀ ਵਿੱਚ ਹੋਏ ਇੱਕ ਵੱਡੇ ਪੱਧਰ ਦੇ ਸਮਾਗਮ ਤੋਂ ਬਾਅਦ ਬੇਚੈਨ ਸੀ ਅਤੇ ਹੁਣ ਉਹ ਖੁੱਲ੍ਹ ਕੇ ਇਹ ਮੰਨ ਰਹੀ ਹੈ ਕਿ ਰਾਜ ਦਾ ਦਰਜਾ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਕਿਉਂਕਿ ਲੋਕਾਂ ਨੇ ਨੈਸ਼ਨਲ ਕਾਨਫਰੰਸ ਨੂੰ ਵੋਟ ਦਿੱਤੀ ਸੀ। ਉਨ੍ਹਾਂ ਸੋਸ਼ਲ ਮੀਡੀਆ 'ਤੇ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਜਨਤਾ ਨੂੰ ਉਨ੍ਹਾਂ ਦੀ ਵੋਟਿੰਗ ਦੀ ਸਜ਼ਾ ਦਿੱਤੀ ਜਾ ਰਹੀ ਹੈ। ਸ੍ਰੀ ਅਬਦੁੱਲਾ ਨੇ ਵਿਰੋਧੀ ਧਿਰ ਦੇ ਨੇਤਾ 'ਤੇ ਚੁਟਕੀ ਲੈਂਦੇ ਕਿਹਾ ਕਿ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਵਿਧਾਨ ਸਭਾ ਵਧੇਰੇ ਸ਼ਾਂਤਮਈ ਅਤੇ ਉਤਪਾਦਕ ਢੰਗ ਨਾਲ ਕੰਮ ਕਰਦੀ ਹੈ।

ਇਸ ਦੌਰਾਨ ਨੈਸ਼ਨਲ ਕਾਨਫਰੰਸ ਦੇ ਬੁਲਾਰੇ ਅਤੇ ਵਿਧਾਇਕ ਤਨਵੀਰ ਸਾਦਿਕ ਨੇ ਵੀ ਵਿਰੋਧੀ ਧਿਰ ਦੇ ਨੇਤਾ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਉਹ ਉਨ੍ਹਾਂ ਵਿਰੁੱਧ ਲਾਪਤਾ ਵਿਅਕਤੀ ਦੀ ਰਿਪੋਰਟ ਦਰਜ ਕਰਨ ਵਾਲੇ ਹਨ। ਵਿਰੋਧੀ ਧਿਰ ਦੇ ਨੇਤਾ ਸ੍ਰੀ ਸ਼ਰਮਾ ਨੇ ਦੋਸ਼ ਲਗਾਇਆ ਕਿ ਸਰਕਾਰ ਵੱਲੋਂ ਕੀਤੇ ਵਾਅਦੇ ਜਿਵੇਂ ਕਿ ਮੁਫ਼ਤ ਰਸੋਈ ਗੈਸ ਸਿਲੰਡਰ, 200 ਯੂਨਿਟ ਬਿਜਲੀ ਅਤੇ ਨੌਜਵਾਨਾਂ ਲਈ ਰੁਜ਼ਗਾਰ, ਅਜੇ ਤੱਕ ਪੂਰੇ ਨਹੀਂ ਹੋਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸ਼ਾਸਨ ਪ੍ਰਣਾਲੀ ਕਮਜ਼ੋਰ ਹੋ ਗਈ ਹੈ ਅਤੇ ਮੰਤਰੀ ਜ਼ਮੀਨੀ ਪੱਧਰ 'ਤੇ ਸਰਗਰਮ ਨਹੀਂ ਹਨ। ਪ੍ਰਸ਼ਾਸਨ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਲਗਾਉਂਦੇ ਸ਼ਰਮਾ ਨੇ ਕਿਹਾ ਕਿ ਲੋਕਾਂ ਨੂੰ ਆਮ ਕੰਮਾਂ ਲਈ ਵੀ ਰਿਸ਼ਵਤ ਦੇਣੀ ਪੈਂਦੀ ਹੈ।

# ਟੀਐਮਸੀ ਇਕ ਮਹਿਲਾ ਵਿਰੋਧੀ ਪਾਰਟੀ ਹੈ: ਮੋਦੀ

ਕੋਲਕਾਤਾ, 24 ਅਪ੍ਰੈਲ (ਪ੍ਰਤੀਨਿਧੀ) : ਦਮ ਦਮ ਵਿਧਾਨ ਸਭਾ ਹਲਕੇ ਵਿਚ ਇਕ ਜਨਤਕ ਰੈਲੀ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, ਬੰਗਾਲ ਦੀਆਂ ਔਰਤਾਂ ਕਹਿ ਰਹੀਆਂ ਹਨ ਕਿ ਉਹ ਰਾਜ ਵਿਚ ਟੀਐਮਸੀ ਸਰਕਾਰ ਨੂੰ ਬਦਲ ਦੇਣਗੀਆਂ। ਟੀਐਮਸੀ ਇਕ ਮਹਿਲਾ ਵਿਰੋਧੀ ਪਾਰਟੀ ਹੈ, ਜਦੋਂ ਕਿ ਭਾਜਪਾ ਔਰਤਾਂ ਦੀ ਅਗਵਾਈ ਵਾਲੇ ਵਿਕਾਸ ਦੇ ਮਾਡਲ 'ਤੇ ਕੰਮ ਕਰਦੀ ਹੈ, ਜਿਸ ਮਾਂ ਨੇ ਆਪਣੀ ਧੀ ਨੂੰ ਧੀ ਬਣਨ ਲਈ ਪੜ੍ਹਾਈ ਕਰਵਾਈ, ਪਰ ਉਸਦੀ ਧੀ ਟੀਐਮਸੀ ਦੇ ਜੰਗਲ ਰਾਜ ਦਾ ਸ਼ਿਕਾਰ ਹੋ ਗਈ, ਉਸਨੂੰ ਭਾਜਪਾ ਨੇ ਉਮੀਦਵਾਰ ਬਣਾਇਆ। ਭਾਜਪਾ ਨੇ ਸੰਦੇਸ਼ਖਾਲੀ ਪੀੜਤਾਂ ਨੂੰ ਵੀ ਅਗਵਾਈ ਕਰਨ ਦਾ ਮੌਕਾ ਦਿੱਤਾ। ਜਦੋਂ ਬੰਗਾਲ ਦੀਆਂ ਧੀਆਂ ਇਨਸਾਫ਼ ਮੰਗਦੀਆਂ ਹਨ, ਤਾਂ ਟੀਐਮਸੀ ਉਨ੍ਹਾਂ ਨੂੰ ਕਹਿੰਦੀ ਹੈ ਕਿ ਜਬਰ ਜਨਾਹ ਤੋਂ ਬਚਣ ਲਈ ਆਪਣੇ




ਘਰਾਂ ਤੋਂ ਬਾਹਰ ਨਾ ਨਿਕਲੋ। ਟੀਐਮਸੀ ਨਹੀਂ ਚਾਹੁੰਦੀ ਕਿ ਔਰਤਾਂ ਸੁਪਨੇ ਦੇਖਣ। ਅੱਜ, ਮੈਂ ਬੰਗਾਲ ਦੀ ਹਰ ਧੀ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਭਾਜਪਾ ਕਿਸੇ ਨੂੰ ਵੀ ਬੰਗਾਲ ਦੀਆਂ ਧੀਆਂ ਦੇ ਸੁਪਨਿਆਂ ਨੂੰ ਕੁਚਲਣ ਦੀ ਇਜਾਜ਼ਤ ਨਹੀਂ ਦੇਵੇਗੀ। ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਔਰਤਾਂ ਦੀ ਸੁਰੱਖਿਆ ਸਾਡੀ ਤਰਜੀਹ ਹੋਵੇਗੀ। 4 ਮਈ ਨੂੰ, ਭਾਜਪਾ ਸਰਕਾਰ ਬਣਨ ਤੋਂ ਬਾਅਦ, ਔਰਤਾਂ 'ਤੇ ਹੋਏ ਸਾਰੇ ਅੱਤਿਆਚਾਰਾਂ ਦੀਆਂ ਫਾਈਲਾਂ ਖੋਲ੍ਹੀਆਂ ਜਾਣਗੀਆਂ। ਇਹ ਮੋਦੀ ਦੀ ਗਰੰਟੀ ਹੈ।'ਉਨ੍ਹਾਂ ਕਿਹਾ, 'ਕੱਲ੍ਹ ਰਾਤ, ਟੀਐਮਸੀ ਸਾਰੀ ਰਾਤ ਆਪਣੇ ਗੁੰਡਿਆਂ ਨੂੰ ਤਾਕਤ ਦੇ ਰਹੀ ਸੀ। ਮੈਂ ਬੰਗਾਲ ਦੇ ਲੋਕਾਂ, ਭਾਜਪਾ ਵਰਕਰਾਂ ਅਤੇ ਜਨਤਾ ਨੂੰ ਕਹਿੰਦਾ ਹਾਂ: ਇਹ ਨਾ ਭੁੱਲੋ ਕਿ ਇਹ ਇਨਕਲਾਬ ਦੀ ਧਰਤੀ ਹੈ, ਇਹ ਬਹਾਦਰਾਂ ਦੀ ਧਰਤੀ ਹੈ... 4 ਮਈ ਨੂੰ ਨਤੀਜੇ ਆਉਣ ਤੋਂ ਬਾਅਦ, ਟੀਐਮਸੀ ਦੇ ਗੁੰਡਿਆਂ ਨੂੰ ਲੁਕਣ ਲਈ ਕੋਈ ਜਗ੍ਹਾ ਨਹੀਂ ਮਿਲੇਗੀ, ਉਨ੍ਹਾਂ ਨੂੰ ਬਚਾਉਣ ਵਾਲਾ ਕੋਈ ਨਹੀਂ। ਕੱਲ੍ਹ ਦੇ ਪਹਿਲੇ ਪੜਾਅ ਦੇ ਵੋਟਿੰਗ ਨੇ ਟੀਐਮਸੀ ਦੇ ਜੰਗਲ ਰਾਜ ਲਈ ਮੌਤ ਦੀ ਘੰਟੀ ਵਜਾ ਦਿੱਤੀ ਹੈ।'ਉਨ੍ਹਾਂ ਕਿਹਾ, 'ਜੇਕਰ ਬੰਗਾਲ ਵਿਚ ਭਾਜਪਾ ਦੀ ਸਰਕਾਰ ਬਣਦੀ ਹੈ, ਤਾਂ ਮੱਧ ਵਰਗ ਦੀ ਭਲਾਈ ਉਸ ਲਈ ਸਭ ਤੋਂ ਵੱਧ ਮਹੱਤਵਪੂਰਨ ਹੋਵੇਗੀ। ਮੱਧ ਵਰਗ ਦੇ ਜੀਵਨ ਨੂੰ ਆਸਾਨ ਬਣਾਉਣ ਲਈ, ਕੇਂਦਰ ਸਰਕਾਰ ਨੇ ਪਿਛਲੇ 11 ਸਾਲਾਂ ਵਿਚ ਕਈ ਫੈਸਲੇ ਲਏ ਹਨ। 2014 ਤੋਂ ਪਹਿਲਾਂ, ਜਦੋਂ ਦਿੱਲੀ ਵਿਚ ਸਰਕਾਰ ਟੀਐਮਸੀ ਦੇ ਸਮਰਥਨ ਨਾਲ ਚਲਾਈ ਜਾਂਦੀ ਸੀ, ਤਾਂ ਕੇਂਦਰ ਸਰਕਾਰ 2 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ 'ਤੇ ਟੈਕਸ ਲਗਾਉਂਦੀ ਸੀ... ਅਸੀਂ 12 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ 'ਤੇ ਜ਼ੀਰੋ ਟੈਕਸ ਲਗਾ ਦਿੱਤਾ ਹੈ।'

# ਦਿੱਲੀ ਦੇ ਸ਼ਾਹਦਰਾ 'ਚ ਚਾਕੂ ਮਾਰ ਕੇ ਨੌਜਵਾਨ ਜ਼ਖਮੀ, ਦੋਸਤਾਂ 'ਤੇ ਹੀ ਲੱਗੇ ਹਮਲੇ ਦੇ ਇਲਜ਼ਾਮ

## ਕ੍ਰਿਸ਼ਨਾ ਨਗਰ ਇਲਾਕੇ 'ਚ ਮਾਮੂਲੀ ਤਕਰਾਰ ਨੇ ਧਾਰਿਆ ਖੂਨੀ ਰੂਪ

ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਦਿੱਲੀ ਦੇ ਸ਼ਾਹਦਰਾ ਇਲਾਕੇ ਵਿੱਚ ਦੋਸਤਾਂ ਵੱਲੋਂ ਹੀ ਆਪਣੇ ਇੱਕ ਸਾਥੀ 'ਤੇ ਚਾਕੂਆਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖਮੀ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਸ਼ਾਹਦਰਾ ਦੇ ਕ੍ਰਿਸ਼ਨਾ ਨਗਰ ਇਲਾਕੇ ਦੀ ਹੈ, ਜਿੱਥੇ ਵੀਰਵਾਰ ਰਾਤ ਹੋਏ ਝਗੜੇ ਦੌਰਾਨ ਇੱਕ ਵਿਅਕਤੀ ਨੂੰ ਨਿਸ਼ਾਨਾ ਬਣਾਇਆ ਗਿਆ। ਪੁਲਿਸ ਨੇ ਸ਼ੁੱਕਰਵਾਰ ਨੂੰ ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ।




ਪੁਲਿਸ ਅਧਿਕਾਰੀਆਂ ਅਨੁਸਾਰ, ਵੀਰਵਾਰ ਰਾਤ ਕਰੀਬ 9 ਵਜੇ ਪੀ.ਸੀ.ਆਰ. ਨੂੰ ਝਗੜੇ ਬਾਰੇ ਸੂਚਨਾ ਮਿਲੀ ਸੀ। ਜਦੋਂ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਤਾਂ ਪਤਾ ਲੱਗਾ ਕਿ ਜ਼ਖਮੀ ਨੌਜਵਾਨ, ਜਿਸ ਦੀ ਪਛਾਣ ਨਾਜ਼ਿਮ ਵਜੋਂ ਹੋਈ ਹੈ, ਨੂੰ ਪਹਿਲਾਂ ਹੀ ਇਲਾਜ ਲਈ ਹੈਡਗੇਵਾਰ ਆਰੋਗਿਆ ਸੰਸਥਾਨ ਹਸਪਤਾਲ ਵਿੱਚ ਦਾਖਲ ਕਰਵਾਇਆ ਜਾ ਚੁੱਕਾ ਸੀ। ਹਮਲਾਵਰ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ।

ਹਸਪਤਾਲ ਵਿੱਚ ਇਲਾਜ ਦੌਰਾਨ ਨਾਜ਼ਿਮ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦਾ ਆਪਣੇ ਹੀ ਕੁਝ ਦੋਸਤਾਂ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਸੀ। ਬਹਿਸ ਇੰਨੀ ਵਧ ਗਈ ਕਿ ਉਸ ਦੇ ਦੋਸਤਾਂ ਨੇ ਤੇਜ਼ਧਾਰ ਹਥਿਆਰਾਂ (ਚਾਕੂਆਂ) ਨਾਲ ਉਸ 'ਤੇ ਹਮਲਾ ਕਰ ਦਿੱਤਾ। ਘਟਨਾ ਤੋਂ ਬਾਅਦ ਫੋਰੈਂਸਿਕ ਟੀਮ ਨੇ ਵੀ ਮੌਕੇ ਦਾ ਦੌਰਾ ਕੀਤਾ ਅਤੇ ਜਾਂਚ ਦੇ ਹਿੱਸੇ ਵਜੋਂ ਲੋੜੀਂਦੇ ਸਬੂਤ ਇਕੱਠੇ ਕੀਤੇ ਹਨ। ਦਿੱਲੀ ਪੁਲਿਸ ਨੇ ਇਸ ਮਾਮਲੇ ਵਿੱਚ ਭਾਰਤੀ ਨਿਆ ਸੰਹਿਤਾ (ਬੀ.ਐਨ.ਐਸ.) ਦੀ ਧਾਰਾ 109 (ਕਤਲ ਦੀ ਕੋਸ਼ਿਸ਼) ਤਹਿਤ ਐਫ.ਆਈ.ਆਰ. ਦਰਜ ਕਰ ਲਈ ਹੈ।

ਪੁਲਿਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਅਰਬਪਤੀਆਂ ਦੇ ਮਾਮਲੇ 'ਚ ਭਾਰਤ ਤੀਜੇ ਨੰਬਰ 'ਤੇ

## 2031 ਤੱਕ ਅਰਬਪਤੀਆਂ ਦੀ ਗਿਣਤੀ ਵਿਚ ਹੋ ਸਕਦਾ 51 ਪ੍ਰਤੀਸ਼ਤ ਦਾ ਵਾਧਾ

ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ) : ਦੇਸ਼ ਵਿਚ ਤਕਨਾਲੋਜੀ, ਉਦਯੋਗਿਕ ਖੇਤਰਾਂ ਅਤੇ ਪੂੰਜੀ ਬਾਜ਼ਾਰਾਂ ਵਿਚ ਦੌਲਤ ਸਿਰਜਣ ਨਾਲ 2031 ਤਕ ਉੱਚ-ਨੈੱਟ-ਵਰਥ ਵਾਲੇ ਵਿਅਕਤੀਆਂ ਦੀ ਗਿਣਤੀ 25,217 ਅਤੇ ਅਰਬਪਤੀਆਂ ਦੀ ਗਿਣਤੀ 313 ਹੋਣ ਦਾ ਅਨੁਮਾਨ ਹੈ। ਅਲਟਰਾ-ਹਾਈ ਨੈੱਟ-ਵਰਥ ਵਾਲੇ ਵਿਅਕਤੀ (ਯੂਐਚਐਨਡਬਲਿਊਆਈ) ਉਹ ਹੁੰਦੇ ਹਨ ਜਿਨ੍ਹਾਂ ਦੀ ਕੁਲ ਜਾਇਦਾਦ 3 ਕਰੋੜ ਡਾਲਰ ਜਾਂ ਇਸ ਤੋਂ ਵੱਧ ਹੁੰਦੀ ਹੈ।ਵਰਤਮਾਨ ਵਿਚ, ਭਾਰਤ ਵਿਚ ਅਜਿਹੇ 19,877 ਵਿਅਕਤੀ ਹਨ, ਜਦੋਂ ਕਿ ਅਰਬਪਤੀਆਂ ਦੀ ਗਿਣਤੀ 207 ਹੈ। ਰੀਅਲ ਅਸਟੇਟ ਸਲਾਹਕਾਰ ਨਾਈਟ ਫ਼ਰੈਂਕ ਨੇ ਅਪਣੀ 'ਦ ਵੈਲਥ ਰਿਪੋਰਟ 2026' ਵੀਰਵਾਰ ਨੂੰ ਜਾਰੀ ਕੀਤੀ। ਇਸ ਵਿਚ ਕਿਹਾ ਗਿਆ ਹੈ ਕਿ ਵਿਸ਼ਵਵਿਆਪੀ ਅਨਿਸ਼ਚਿਤਤਾਵਾਂ, ਵਧਦੀਆਂ ਵਿਆਜ ਦਰਾਂ ਬਾਰੇ ਚਿੰਤਾਵਾਂ ਅਤੇ ਅਸਮਾਨ ਆਰਥਕ ਪ੍ਰਦਰਸ਼ਨ ਦੇ ਬਾਵਜੂਦ, ਵਿਸ਼ਵਵਿਆਪੀ ਦੌਲਤ ਸਿਰਜਣਾ ਵਿਚ 'ਤੇਜ਼ੀ ਨਾਲ ਵਾਧਾ' ਹੋਇਆ ਹੈ। ਨਾਈਟ ਫ਼ਰੈਂਕ ਅਨੁਸਾਰ, ਦੇਸ਼ ਵਿਚ ਪਿਛਲੇ ਪੰਜ ਸਾਲਾਂ ਵਿਚ ਅਰਬਪਤੀਆਂ ਦੀ



ਗਿਣਤੀ 58 ਪ੍ਰਤੀਸ਼ਤ ਵੱਧ ਕੇ 2026 ਵਿਚ 207 ਹੋ ਗਈ ਹੈ, ਜਿਸ ਨਾਲ ਇਹ ਅਮਰੀਕਾ (914) ਅਤੇ ਚੀਨ (485) ਤੋਂ ਬਾਅਦ ਤੀਜੇ ਸਥਾਨ 'ਤੇ ਹੈ।

ਦੇਸ਼ ਵਿਚ ਅਰਬਪਤੀਆਂ ਦੀ ਗਿਣਤੀ 2026 ਦੀ ਸ਼ੁਰੂਆਤ ਵਿਚ 207 ਤੋਂ ਵੱਧ ਕੇ 2031 ਤਕ 51 ਪ੍ਰਤੀਸ਼ਤ ਵਾਧੇ ਨਾਲ 313 ਹੋਣ ਦਾ ਅਨੁਮਾਨ ਹੈ। ਭਾਰਤ ਵਿਚ ਯੂਐਚਐਨਡਬਲਿਊਆਈ ਦੀ ਕੁੱਲ ਗਿਣਤੀ ਵਿਚ ਮੁੰਬਈ ਦੀ ਹਿੱਸੇਦਾਰੀ 35.4 ਪ੍ਰਤੀਸ਼ਤ ਹੈ। ਭਾਰਤ ਹੁਣ ਦੁਨੀਆ ਵਿਚ ਯੂਐਚਐਨ ਡਬਲਿਊਆਈ ਦਾ ਛੇਵਾਂ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ।ਵਿਸ਼ਵ ਪੱਧਰ 'ਤੇ ਯੂਐਚਐਨਡਬਲਿਊਆਈ ਦੀ ਗਿਣਤੀ 2021 ਵਿਚ 551,435 ਤੋਂ ਵੱਧ ਕੇ 713,626 ਹੋ ਗਈ ਹੈ। ਨਾਈਟ ਫਰੈਂਕ ਇੰਡੀਆ ਦੇ ਅੰਤਰਰਾਸ਼ਟਰੀ ਭਾਈਵਾਲ, ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਸ਼ਿਸ਼ਿਰ ਬੈਜਲ ਨੇ ਕਿਹਾ, "ਭਾਰਤ ਵਿਚ ਅਮੀਰ ਵਿਅਕਤੀਆਂ ਦੀ ਗਿਣਤੀ ਵਿਚ ਵਾਧਾ ਭਾਰਤ ਦੇ ਆਰਥਕ ਵਿਕਾਸ ਨੂੰ ਦਰਸਾਉਂਦਾ ਹੈ। ਇਹ ਇਕ ਵਧੇਰੇ ਉੱਦਮੀ ਅਰਥਵਿਵਸਥਾ ਬਣਦੇ ਹੋਏ ਮਜ਼ਬੂਤ ਪੂੰਜੀ ਭੰਡਾਰ, ਵਧੇਰੇ ਵਿਕਸਤ ਵਿੱਤੀ ਬਜ਼ਾਰਾਂ ਅਤੇ ਵਿਸ਼ਵ ਪੱਧਰ 'ਤੇ ਜੁੜੇ ਸੰਸਥਾਪਕਾਂ ਅਤੇ ਨਿਵੇਸ਼ਕਾਂ ਦੇ ਵਧਦੇ ਸਮੂਹਾਂ ਨਾਲ ਅੱਗੇ ਵੱਧ ਰਿਹਾ ਹੈ। " ਉਨ੍ਹਾਂ ਕਿਹਾ ਕਿ ਡਿਜੀਟਲਾਈਜ਼ੇਸ਼ਨ, ਸੂਚੀਬੱਧ ਸਟਾਕ ਬਾਜ਼ਾਰ, ਨਿਜੀ ਪੂੰਜੀ ਅਤੇ ਪਰਵਾਰਕ ਮਾਲਕੀ ਵਾਲੇ ਕਾਰੋਬਾਰ ਸਾਰੇ ਇਸ ਵਿਚ ਭੂਮਿਕਾ ਨਿਭਾਉਂਦੇ ਹਨ।

# ਕੇਜਰੀਵਾਲ ਕੇਂਦਰ ਵੱਲੋਂ ਅਲਾਟ ਕੀਤੇ ਬੰਗਲੇ 'ਚ ਹੋਏ ਸ਼ਿਫਟ

ਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ): ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸ਼ੁੱਕਰਵਾਰ ਨੂੰ ਲੋਧੀ ਐਸਟੇਟ ਦੇ ਬੰਗਲਾ ਨੰਬਰ 95 (ਟਾਈਪ-੭99) ਵਿੱਚ ਸ਼ਿਫਟ ਹੋ ਗਏ ਹਨ। ਪਾਰਟੀ ਮੁਤਾਬਕ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਇਹ ਸਰਕਾਰੀ ਰਿਹਾਇਸ਼ ਅਲਾਟ ਕੀਤੀ ਹੈ।ਐਕਸ 'ਤੇ ਇੱਕ ਪੋਸਟ ਵਿੱਚ ਕੇਜਰੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਵਜੋਂ ਉਨ੍ਹਾਂ ਦੇ ਅਹੁਦੇ ਨੂੰ ਦੇਖਦੇ ਹੋਏ, ਅਦਾਲਤ ਦੇ ਨਿਰਦੇਸ਼ਾਂ ਤੋਂ ਬਾਅਦ ਕੇਂਦਰ ਨੇ ਹਾਲ ਹੀ ਵਿੱਚ ਉਨ੍ਹਾਂ ਨੂੰ ਇਹ ਬੰਗਲਾ ਅਲਾਟ ਕੀਤਾ ਸੀ।ਕੇਜਰੀਵਾਲ ਨੇ ਕਿਹਾ, 'ਪਿਛਲੇ ਦਿਨੀਂ ਅਦਾਲਤ ਦੇ ਹੁਕਮਾਂ 'ਤੇ ਕੇਂਦਰ ਸਰਕਾਰ ਨੇ ਮੈਨੂੰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਵਜੋਂ ਇੱਕ ਘਰ ਅਲਾਟ ਕੀਤਾ ਹੈ। ਮੈਂ ਹੁਣ ਆਪਣੇ



ਪਰਿਵਾਰ ਸਮੇਤ ਉਸ ਘਰ ਵਿੱਚ ਸ਼ਿਫਟ ਹੋ ਗਿਆ ਹਾਂ।'ਟਾਈਪ-੭99 ਬੰਗਲੇ ਦੀ ਇਹ ਅਲਾਟਮੈਂਟ ਪਿਛਲੇ ਸਾਲ ਅਕਤੂਬਰ ਵਿੱਚ ਕੀਤੀ ਗਈ ਸੀ, ਜਿਸ ਤੋਂ ਬਾਅਦ 'ਆਪ' ਨੇ ਪੁਸ਼ਟੀ ਕੀਤੀ ਸੀ ਕਿ ਕੇਜਰੀਵਾਲ 95, ਲੋਧੀ ਐਸਟੇਟ ਵਾਲੀ ਰਿਹਾਇਸ਼ ਵਿੱਚ ਰਹਿਣ ਲਈ ਜਾਣਗੇ।ਪਾਰਟੀ ਨੇ ਉਸ ਸਮੇਂ ਦੱਸਿਆ ਸੀ ਕਿ ਦਿੱਲੀ ਹਾਈ ਕੋਰਟ ਵੱਲੋਂ ਇਸ ਮਾਮਲੇ 'ਤੇ ਕੇਂਦਰ ਸਰਕਾਰ ਨੂੰ ਲਗਾਈ ਗਈ ਫਟਕਾਰ ਤੋਂ ਬਾਅਦ ਹੀ ਇਹ ਅਲਾਟਮੈਂਟ ਹੋਈ ਹੈ। ਕੇਜਰੀਵਾਲ ਮੁੱਖ ਮੰਤਰੀ ਹੁੰਦਿਆਂ ਸਿਵਲ ਲਾਈਨਜ਼ ਦੇ 6, ਫਲੈਗ ਸਟਾਫ ਰੋਡ ਵਾਲੇ ਘਰ ਵਿੱਚ ਰਹਿੰਦੇ ਸਨ। ਸਤੰਬਰ 2024 ਵਿੱਚ ਅਸਤੀਫ਼ਾ ਦੇਣ ਤੋਂ ਬਾਅਦ, ਉਹ 'ਆਪ' ਦੇ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਦੇ ਸਰਕਾਰੀ ਬੰਗਲੇ ਵਿੱਚ ਸ਼ਿਫਟ ਹੋ ਗਏ ਸਨ।

# ਸੱਜਣ ਕੁਮਾਰ ਨੂੰ 'ਸੁਪਰੀਮ' ਝਟਕਾ, ਸੁਪਰੀਮ ਕੋਰਟ ਨੇ ਜ਼ਮਾਨਤ ਦੇਣ ਤੋਂ ਕੀਤਾ ਇਨਕਾਰ

ਨਵੀਂ ਦਿੱਲੀਨਵੀਂ ਦਿੱਲੀ, 24 ਅਪ੍ਰੈਲ (ਪ੍ਰਤੀਨਿਧੀ): ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਨਵੀਂ ਦਿੱਲੀ ਵਿੱਚ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਇੱਕ ਮਾਮਲੇ ਵਿੱਚ ਸੁਪਰੀਮ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਸੁਪਰੀਮ ਕੋਰਟ ਨੇ ਉਨ੍ਹਾਂ ਦੀ ਅੰਤਰਿਮ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਹੈ, ਜਿਸ ਕਾਰਨ ਉਨ੍ਹਾਂ ਨੂੰ ਫਿਲਹਾਲ ਜੇਲ੍ਹ ਵਿੱਚ ਰਹਿਣਾ ਪਿਆ ਹੈ। ਸੱਜਣ ਕੁਮਾਰ ਇਸ ਸਮੇਂ 1984 ਦੇ ਦੰਗਿਆਂ ਨਾਲ ਸਬੰਧਤ ਕਈ ਮਾਮਲਿਆਂ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।2018 ਵਿੱਚ, ਦਿੱਲੀ ਹਾਈ ਕੋਰਟ ਨੇ ਉਨ੍ਹਾਂ ਨੂੰ ਪਾਲਮ ਕਲੋਨੀ ਵਿੱਚ ਪੰਜ ਸਿੱਖਾਂ ਦੇ ਕਤਲ ਲਈ ਦੋਸ਼ੀ ਠਹਿਰਾਇਆ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ। ਇਸ ਤੋਂ ਬਾਅਦ, 2025 ਵਿੱਚ, ਉਨ੍ਹਾਂ ਨੂੰ ਸਰਸਵਤੀ ਵਿਹਾਰ ਹਿੰਸਾ



ਅਤੇ ਕਤਲ ਦੀ ਸਾਜ਼ਿਸ਼ ਨਾਲ ਸਬੰਧਤ ਇੱਕ ਹੋਰ ਮਾਮਲੇ ਵਿੱਚ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ।ਅਦਾਲਤ ਨੇ ਕਿਹਾ ਕਿ ਇਸ ਮਾਮਲੇ ਵਿੱਚ ਬਹੁਤ ਗੰਭੀਰ ਅਪਰਾਧ ਸ਼ਾਮਲ ਹਨ ਜਿਸ ਦੇ ਨਤੀਜੇ ਵਜੋਂ ਵੱਡੇ ਪੱਧਰ 'ਤੇ ਜਾਨਾਂ ਗਈਆਂ ਸਨ, ਅਤੇ ਇਸ ਸਮੇਂ ਕੋਈ ਵੀ ਰਾਹਤ ਢੁਕਵੀਂ ਨਹੀਂ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਉਹ ਆਪਣੀ ਅਪੀਲ ਦੀ ਅੰਤਿਮ ਸੁਣਵਾਈ ਤੱਕ ਜੇਲ੍ਹ ਵਿੱਚ ਹੀ ਰਹੇਗਾ।

# ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸੱਜਣ ਕੁਮਾਰ ਨੂੰ ਜ਼ਮਾਨਤ ਨਾ ਮਿਲਣ 'ਤੇ ਜ਼ੋਰਦਾਰ ਸਵਾਗਤ

## ਸੱਜਣ ਕੁਮਾਰ ਤੇ ਹੋਰ ਦੋਸ਼ੀਆਂ ਖਿਲਾਫ ਡੱਟ ਕੇ ਕੇਸ ਲੜਦੇ ਰਹਾਂਗੇ: ਕਾਲਕਾ, ਕਾਹਲੋਂ

ਨਵੀਂ ਦਿੱਲੀ, 24 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ ਵੱਲੋਂ 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਜ਼ਮਾਨਤ ਨਾ ਮਿਲਣ ਦੇ ਫੈਸਲੇ ਦਾ ਜ਼ੋਰਦਾਰ ਸਵਾਗਤ ਕੀਤਾ ਹੈ ਤੇ ਕਿਹਾ ਹੈ ਕਿ ਸੱਜਣ ਕੁਮਾਰ ਤੇ ਹੋਰ ਦੋਸ਼ੀਆਂ ਖਿਲਾਫ ਕਮੇਟੀ ਹਮੇਸ਼ਾ ਡੱਟ ਕੇ ਕਾਨੂੰਨੀ ਲੜਾਈ ਲੜਦੀ ਰਹੇਗੀ।



ਅੱਜ ਇਥੇ ਗੱਲਬਾਤ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸੱਜਣ ਕੁਮਾਰ ਬਹੁਤ ਲੰਬੇ ਸਮੇਂ ਤੋਂ ਇਹ ਕੋਸ਼ਿਸ਼ ਕਰ ਰਿਹਾ ਸੀ ਕਿ ਉਸਨੂੰ ਜ਼ਮਾਨਤ ਮਿਲ ਜਾਵੇ। ਉਸਨੇ ਇਹ ਬਹਾਨੇ ਵੀ ਬਣਾਏ ਕਿ ਉਹ 8 ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ ਤੇ ਉਸਨੂੰ ਕਈ ਬਿਮਾਰੀਆਂ ਹਨ।ਉਹਨਾਂ ਕਿਹਾ ਕਿ ਸੁਪਰੀਮ ਕੋਰਟ ਨੇ ਉਸਦੀ ਕੋਈ ਵੀ ਦਲੀਲ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਨਾਲ ਹੀ ਕਿਹਾ ਕਿ ਇਸਦੀ ਰੈਗੂਲਰ ਸੁਣਵਾਈ ਜੁਲਾਈ ਤੋਂ ਸ਼ੁਰੂ ਹੋਵੇਗੀ।

ਉਹਨਾਂ ਕਿਹਾ ਕਿ ਇਸ ਕੇਸ ਵਿਚ ਕਮੇਟੀ ਵੱਲੋਂ ਐਡਵੋਕੇਟ ਗੁਰਬਖ਼ਸ਼ ਸਿੰਘ, ਸੀਨੀਅਰ ਵਕੀਲ ਐਚ ਐਸ ਫੂਲਕਾ, ਆਰ ਐਸ ਚੀਮਾ ਜੀ, ਸੋਲਿਸਟਰ ਜਨਰਲ ਆਫ ਇੰਡੀਆ ਤੁਸ਼ਾਰ ਮਹਿਤਾ ਵੀ ਹਾਜ਼ਰ ਹੋਏ ਸਨ ਜਿਸ ਲਈ ਉਹ ਭਾਰਤ ਸਰਕਾਰ ਦੇ ਧੰਨਵਾਦੀ ਹਨ।

ਉਹਨਾਂ ਕਿਹਾ ਕਿ ਦਿੱਲੀ ਕਮੇਟੀ 1984 ਕਤਲੇਆਮ ਦੇ ਸਾਰੇ ਕੇਸਾਂ ਦੀ ਪੈਰਵੀ ਡੱਟ ਕੇ ਕਰ ਰਹੀ ਹੈ ਤੇ ਹਰ ਦੋਸ਼ੀ ਨੂੰ ਸਜ਼ਾ ਮਿਲਣੀ ਯਕੀਨੀ ਬਣਾਈ ਜਾਵੇਗੀ ਭਾਵੇਂ ਇਸ ਵਾਸਤੇ ਜਿੰਨੀ ਮਰਜ਼ੀ ਲੰਬੀ ਕਾਨੂੰਨੀ ਲੜਾਈ ਲੜਨੀ ਪਵੇ।

ਅੱਜ ਅਦਾਲਤ ਵਿਚ ਸੁਣਵਾਈ ਲੜਾਈ ਨੂੰ ਸੰਜੀਦਗੀ ਨਾਲ ਲੜਨ ਲਈ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਆਪਣੀ ਟੀਮ ਨਾਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ ਅੱਜ ਹਾਸਲ ਕਰਨਗੇ ਵਿਧਾਨ ਸਭਾ ਵਿਚ ਵਿਸ਼ਵਾਸ ਵੋਟ

ਪਟਨਾ, 24 ਅਪ੍ਰੈਲ (ਪ੍ਰਤੀਨਿਧੀ) : ਬਿਹਾਰ ਦੇ ਨਵ-ਨਿਯੁਕਤ ਮੁੱਖ ਮੰਤਰੀ ਸਮਰਾਟ ਚੌਧਰੀ ਅੱਜਰਾਜ ਵਿਧਾਨ ਸਭਾ ਵਿਚ ਵਿਸ਼ਵਾਸ ਵੋਟ ਲੈਣ ਲਈ ਤਿਆਰ ਹਨ।ਨਿਤਿਸ਼ ਕੁਮਾਰ ਦੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਚੌਧਰੀ ਵਲੋਂ ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਇਹ ਪ੍ਰਕਿਰਿਆ ਜ਼ਰੂਰੀ ਹੋ ਗਈ ਸੀ।

ਬਿਹਾਰ ਵਿਧਾਨ ਸਭਾ ਵਿਚ ਐਨਡੀਏ ਗਠਜੋੜ ਕੋਲ 243 ਮੈਂਬਰੀ ਸਦਨ ਵਿਚ ਆਰਜੇਡੀ ਦੀ ਅਗਵਾਈ ਵਾਲੇ ਵਿਰੋਧੀ ਧਿਰ ਦੇ 35 ਵਿਧਾਇਕਾਂ ਦੇ ਮੁਕਾਬਲੇ 202 ਵਿਧਾਇਕਾਂ ਦੇ ਨਾਲ ਆਰਾਮਦਾਇਕ ਬਹੁਮਤ ਹੈ।ਭਾਜਪਾ ਆਗੂ ਰਾਮ ਕ੍ਰਿਪਾਲ ਯਾਦਵ ਨੇ ਨਿਊਜ਼ ਏਜੰਸੀ ਨੂੰ ਦੱਸਿਆ, 'ਫਲੋਰ ਟੈਸਟ ਅੱਜ ਹੋਵੇਗਾ ਅਤੇ ਅਸੀਂ ਮੁੱਖ ਮੰਤਰੀ ਵਜੋਂ ਉਨ੍ਹਾਂ ਦੀ ਨਵੀਂ ਨਿਯੁਕਤੀ 'ਤੇ ਸਹਿਮਤ ਹੋਵਾਂਗੇ... ਉਹ ਵੱਡੇ ਫਰਕ ਨਾਲ ਜਿੱਤਣਗੇ... ਉਹ 200 ਤੋਂ ਵੱਧ ਵੋਟਾਂ ਨਾਲ ਜਿੱਤਣਗੇ,'।ਜੇਡੀਯੂ ਵਿਧਾਇਕ ਸ਼ਾਲਿਨੀ ਮਿਸ਼ਰਾ ਦਾ ਮੰਨਣਾ ਹੈ ਕਿ ਸਮਰਾਟ ਚੌਧਰੀ ਨੂੰ ਐਨਡੀਏ ਦੇ ਮੈਂਬਰਾਂ ਦੀ ਗਿਣਤੀ ਨਾਲੋਂ ਵੱਧ ਵੋਟਾਂ ਮਿਲਣਗੀਆਂ। 'ਮੈਂ ਆਪਣੇ ਨਵੇਂ ਮੁੱਖ ਮੰਤਰੀ ਸਮਰਾਟ ਚੌਧਰੀ ਨੂੰ ਵਧਾਈ ਦੇਣਾ ਚਾਹੁੰਦੀ ਸੀ। ਯਕੀਨੀ ਤੌਰ 'ਤੇ ਅਸੀਂ ਫਲੋਰ ਟੈਸਟ ਪਾਸ ਕਰ ਲਵਾਂਗੇ ਅਤੇ ਸਾਨੂੰ ਐਨਡੀਏ ਦੇ ਮੈਂਬਰਾਂ ਦੀ ਗਿਣਤੀ ਨਾਲੋਂ ਵੱਧ ਵੋਟਾਂ ਮਿਲਣਗੀਆਂ,'।

Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
PRGI (RNI) Regd. No. 57283/1994 -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
PRGI (RNI) Regd. No. 57283/1994 -ਸੰਪਾਦਕ: ਜਸਕੀਰਤ ਸਿੰਘ

### ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਾ 74ਵਾਂ ਸਾਲਾਨਾ ਇਨਾਮ ਵੰਡ ਸਮਾਰੋਹ ਆਯੋਜਿਤ

# ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਸਿੱਖਿਆ ਖੇਤਰ ਵਿੱਚ ਲਾਮਿਸਾਲ ਕਾਰਜਾਂ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਕੀਤੀ ਸ਼ਲਾਘਾ

## ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸਮੁੱਚੀ ਦਿੱਲੀ ਦੇ ਸਿਰ ਦਾ ਤਾਜ: ਕਾਲਕਾ, ਕਾਹਲੋਂ

ਨਵੀਂ ਦਿੱਲੀ, 24 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਦਿੱਲੀ ਦੇ ਉਪ ਰਾਜਪਾਲ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਸਿੱਖਿਆ ਖੇਤਰ ਵਿਚ ਲਾਮਿਸਾਲ ਕਾਰਜਾਂ ਵਾਸਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਜਵੀਂ ਸ਼ਲਾਘਾ ਕੀਤੀ ਹੈ ਤੇ ਕਿਹਾ ਹੈ ਕਿ ਸਾਡੀ ਨੌਜਵਾਨ ਪੀੜੀ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰ ਕੇ ਕਮੇਟੀ ਨੇ ਬਹੁਤ ਵੱਡੀ ਪ੍ਰਾਪਤੀ ਕੀਤੀ ਹੈ।






ਅੱਜ ਇਥੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ 74ਵੇਂ ਇਨਾਮ ਵੰਡ ਸਮਾਰੋਹ ਨੂੰ ਸੰਬੋਧਨ ਕਰਦਿਆਂ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਇਹ ਦਿੱਲੀ ਗੁਰਦੁਆਰਾ ਕਮੇਟੀ ਦੇ ਸਿੱਖਿਆ ਖੇਤਰ ਵਿਚ ਲਾਮਿਸਾਲ ਕਾਰਜਾਂ ਦੀ ਬਦੌਲਤ ਹੈ ਕਿ ਅੱਜ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸਮੇਤ ਅਨੇਕਾਂ ਸਿੱਖਿਆ ਸੰਸਥਾਵਾਂ ਕਮੇਟੀ ਵੱਲੋਂ ਬਹੁਤ ਸੁਚੱਜੇ ਢੰਗ ਨਾਲ ਚਲਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਦੁਨੀਆਂ ਵਿਚ ਉਹੀ ਕੌਮਾਂ ਤਰੱਕੀ ਕਰਦੀਆਂ ਹਨ ਜਿਹਨਾਂ ਦੀ ਨਵੀਂ ਪੀੜ੍ਹੀ ਚੰਗੀ ਸਿੱਖਿਆ ਗ੍ਰਹਿਣ ਕਰਦੀ ਹੈ ਤੇ ਉਹਨਾਂ ਨੂੰ ਇਹ ਵੇਖ ਕੇ ਖੁਸ਼ੀ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਇਸ ਖੇਤਰ ਵਿਚ ਚੰਗੇ ਕਾਰਜ ਕਰ ਰਹੀ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸਮੁੱਚੀ ਦਿੱਲੀ ਦੇ ਸਿਰ ਦਾ ਤਾਜ ਹੈ। ਉਹਨਾਂ ਦੱਸਿਆ ਕਿ ਕੁਝ ਸਾਲ ਪਹਿਲਾਂ ਇਥੇ ਅਧਿਆਪਕਾਂ ਦੀ ਸਿੱਖਲਾਈ ਵਾਸਤੇ ਕੇਂਦਰ ਸਥਾਪਿਤ ਕੀਤਾ ਗਿਆ ਸੀ ਤੇ ਅੱਜ ਦੇਸ਼ ਭਰ ਵਿਚ ਅਜਿਹੇ 144 ਸੈਂਟਰ ਹਨ ਪਰ ਉਹਨਾਂ ਨੂੰ ਮਾਣ ਹੈ ਕਿ ਕਾਲਜ ਵਿਚ ਚਲ ਰਿਹਾ ਸੈਂਟਰ ਪਿਛਲੇ ਦੋ ਸਾਲਾਂ ਤੋਂ ਦੇਸ਼ ਵਿਚ ਬੇਹਤਰੀਨ ਸੈਂਟਰ ਹੈ। ਉਹਨਾਂ ਕਿਹਾ ਕਿ ਕਾਲਜ ਦੇ ਪ੍ਰਿੰਸੀਪਲ ਤੇ ਸਟਾਫ ਦੇ ਨਾਲ-ਨਾਲ ਵਿਦਿਆਰਥੀਆਂ ਦੀ ਮਿਹਨਤ ਸਦਕਾ ਅੱਜ ਕਾਲਜ ਦਾ ਕੌਮਾਂਤਰੀ ਪੱਧਰ 'ਤੇ ਨਾਮ ਹੈ। ਉਹਨਾਂ ਦੱਸਿਆ ਕਿ ਕਾਲਜ ਦੇ ਦੋ-ਦੋ ਗਰਲਜ਼ ਹੋਸਟਲ ਹਨ ਜਿਹਨਾਂ ਵਿਚ ਹਰੇਕ ਦੀ 350 ਵਿਦਿਆਰਥਣਾਂ ਦੀ ਸਮਰਥਾ ਹੈ ਜਿਸ ਵਿਚ ਦੇਸ਼ ਦੇ ਵੱਖ-ਵੱਖ ਭਾਗਾਂ ਤੋਂ ਆ ਕੇ ਬੱਚੀਆਂ ਪੜ੍ਹਦੀਆਂ ਹਨ ਤੇ ਸੁਰੱਖਿਅਤ ਰਹਿੰਦੀਆਂ ਹਨ।

ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਸਿੱਖਿਆ ਦੇ ਖੇਤਰ ਵਿਚ ਬਹੁਤ ਮਿਹਨਤ ਕੀਤੀ ਹੈ ਤੇ ਕਾਲਜਾਂ ਤੇ ਸਕੂਲਾਂ ਦੇ ਸਟਾਫ ਦੀ ਮਿਹਨਤ ਸਦਕਾ ਅੱਜ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਉਹਨਾਂ ਕਿਹਾ ਕਿ ਅਸੀਂ ਹੋਰ ਵੀ ਸਖ਼ਤ ਮਿਹਨਤ ਕਰਾਂਗੇ ਤੇ ਵਿਦਿਆਰਥੀਆਂ ਨੂੰ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਚੰਗੇ ਅਹੁਦਿਆਂ 'ਤੇ ਸਥਾਪਿਤ ਕਰਨ ਵਾਸਤੇ ਕੰਮ ਕਰਾਂਗੇ।

## ਬਾਂਜਾਂ ਵਾਲਿਆ ਤੇਰੀ ਓਟ

ਰਵਨਜੋਤ ਕੌਰ ਸਿੱਧੂ ਰਾਵੀ

ਬਾਜਾਂ ਵਾਲੇ ਗੁਰੂ ਰੱਖ ਲੈਣੀ ਸਾਡੀ ਪੱਤ ਜੀ
ਮੱਥਾ ਲਾਇਆ ਹਾਕਮਾਂ ਦੇ ਨਾਲ ਡਾਢਾ ਅਸਾਂ
ਕਰਨੀਂ ਮਿਹਰ ਸਾਡੀ ਝੋਲੀ ਸਦਾ ਖੈਰ ਪਾਂਈ
ਦੇਈਏ ਜਵਾਬ ਤੇਰੀ ਮਿਹਰ ਨਾਲ ਜਾਲਮ ਦੀ ਭੰਨ ਦੇਈਏ ਅਸੀਂ ਲੱਤ ਜੀ
ਤੇਰੇ ਤੋਂ ਏ ਸਿੱਖੀ ਅਸੀਂ ਜੀਵਨ ਦੀ ਜਾਂਚ ਜੀ
ਰਹੀਏ ਸਦਾ ਚੜਦੀ ਕਲਾ ਚ ਤੇਰੇ ਭਾਣੇ
ਸਬਰ ਨਾਂ ਤੋੜ ਅਸੀਂ ਰੱਖ ਲਈ ਇਹ
ਦਿੱਲੀ ਵਾਸੀਆਂ ਦੀ ਛੱਤ ਜੀ
ਤੇਰੇ ਪਾਏ ਪੂਰਨੇ ਨੂੰ ਪੂਰਾ ਕਰੀ ਜਾਂਦੀ ਤੇਰੀ ਕੌਮ ਏ
ਤੂੰ ਜੰਗਲਾਂ ਚ ਕੱਟੀਆਂ ਸੀ ਰਾਤਾਂ ਪਰ ਅੱਜ ਇਹ ਮੌਨ ਏ
ਇਹ ਵੀ ਤੇਰੀ ਦਿੱਤੀ ਸਿੱਖਿਆ ਦੇ ਹੋਏ
ਨਹੀਂ ਬੇਵੱਟ ਜੀ
ਤੈਨੂੰ ਯਾਦ ਰੱਖ ਕਰ ਮਨਾਂ ਚ ਵਸਾਇਆ ਹੈ
ਰਾਤਾਂ ਠੰਡ ਦੀਆਂ ਇਹ ਵੀ ਤੰਬੂਆਂ ਚ
ਰਹੇ ਕੱਟ ਜੀ
ਹਰ ਇੱਕ ਕਿਸਾਨ ਚੋਂ ਰੂਪ ਤੇਰਾ ਜਾਪੇ
ਤੇਰੀ ਓਟ ਨਾਲ ਸਦਾ ਕਲਾ ਰਹੀ ਵਰਤ ਜੀ
ਕਿੰਨਾ ਦਿੱਤਾ ਸਬਰ ਨਾ ਕਿਸੇ ਨਾਲੋ ਘੱਟ ਜੀ
ਸੋਚਦੇ ਸੀ ਹਾਕਮ ਇਹ ਮੁੜ ਜਾਣੇ ਭੁੱਖ ਚ ਨਿਮਾਣੇ
ਪਰ ਤੇਰੀ ਕਿਰਪਾ ਨਾਲ ਇਹਨਾ ਦਿੱਲੀ ਨੂੰ ਰੱਜਾ ਦਿੱਤਾ
ਦੇਖ ਇਹਨਾ ਜਾਲਮਾਂ ਨੂੰ ਵੱਜੀ ਭੈੜੀ ਸੱਟ ਜੀ
'ਰਾਵੀ' ਕਰੇ ਅਰਦਾਸ ਛੇਤੀ ਕਰਵਾ ਫਤਹਿ ਮੇਰੇ ਸ਼ਹਿਨਸ਼ਾਹ
ਰੱਖੂ ਦੁਨੀਆਂ ਇਹ ਯਾਦ ਬਾਜਾਂ ਵਾਲਿਆ
ਕਿਵੇਂ ਕੌਮ ਖਾਲਸੇ ਦੀ ਫਤਹਿ ਪਾ ਗਈ ਝੱਟ ਸੀ

## ਗਣਤੰਤਰ ਦਿਵਸ



ਜੋਗਿੰਦਰ ਸਿੰਘ ਸੰਧੂ ਕਲਾਂ
(ਬਰਨਾਲਾ)
9878302324

ਗਣਤੰਤਰ ਕਿਵੇਂ ਮਨਾਈਏ
ਮਨਾਉਣ ਵਾਲੇ ਬੈਠੇ ਰੋੜਾਂ ਤੇ
ਕੀ ਉੱਪਲੱਬਧੀ ਸੁਣਾਓਗੇ
ਦੇਸ ਨਿਰਭਰ ਕਰਤਾ ਚੋਰਾਂ ਤੇ
ਸਭ ਕੁਸ ਵੇਚਵੱਟ ਕੇ ਬਹਿ ਗਏ
ਧਿਆਨ ਨਹੀ,ਜਨਤਾਂ ਦੀਆਂ ਲੋੜਾਂ ਤੇ

ਉੱਚੀ ਉੱਚੀ ਸੁਣਿਆਓ ਕਿ
ਕੀ ਕੀ ਵੇਚਿਆ, ਰੋਜਗਾਰ ਖੋਹਿਆ
ਸਿੱਖਿਆਵਾਂ, ਸਿਹਤ ਸਹੂਲਤਾਂ ਖੋਹੀਆਂ
ਘਪਲੇ ਚੋਰੀਆਂ, ਗੁੰਡਾਗਰਦੀਆਂ
ਕੀ ਚੰਗੇ ਕੰਮ ਕੀਤੇ, ਕੀ ਨਿਚੋੜਾਂ ਤੇ

ਸਭ ਤੋਂ ਜਿਆਦਾ ਇੱਜਤਾਂ ਰੁਲੀਆਂ
ਸਭ ਤੋਂ ਜਿਆਦਾ ਹੋਏ ,ਵੀਰ, ਸਹੀਦ
ਨਹੀ ਦਿਖਾਈ ਕੋਈ ਹਮਦਰਦੀ
ਨਾ ਕੋਈ ਮਦਦ, ਨਾ ਕੋਈ ਸਹਾਇਤਾ
ਨਾ ਕੋਈ ਮਲਮ੍ ਲਗਾਈ ਪੀੜਾਂ ਤੇ

ਆਪਣੇ ਆਪ ਮਨਾਲਿਓ ਖੁਸੀਆਂ
ਕੀ ਫਾਇਦਾ ਸਾਰ ਨਾ ਲੈਦਾਂ ਦੁੱਖੀਆਂ
ਸਾਰੇ ਦੇਸ ਦੀਆਂ ਗਤੀਵਿਧੀਆਂ ਰੁਕੀਆਂ
ਕਿਸਾਨਾਂ ਨਾਲ ਕਰੇ ਗੱਲਾਂ, ਤੂ ਬੇਤੁਕੀਆਂ
ਜਾਰੀ ਤੇਰੀ ਖੂਨ, ਚੂਸ਼ਣੀਆਂ ਯੋਕਾਂ ਨਾਲ
ਹਾਸੇ ਖੁਸੀਆਂ ਖੋਹ ਸਾਡੀਆਂ ਸੰਧੂ ਕਲਾਂ
ਸੁਨੀਆਂ ਸੱਥਾਂ, ਸੁਨਸਰਾਟਾ ਹੁਣ ਬੋਹੜਾਂ ਤੇ
ਸੁਨਸਰਾਟਾ ਹੁਣ ਬੋਹੜਾਂ ਤੇ

## ਚਮਚੇ



ਰੋਮੀ ਘੜਾਮੇਂ ਵਾਲਾ
98552-81105

ਗੱਲ ਸੁਣੋ ਸੁਣੋ ਸੁਣਾਵਾਂ ਚਮਚਿਆਂ ਦੀ,
ਖਾਸ ਧਾਤਾਂ ਤੋਂ ਹੋਣ ਤਿਆਰ ਚਮਚੇ।

ਫੇਰ ਮੇਕਅੱਪ ਜਿਵੇਂ ਵਿਸ਼ੇਸ਼ ਹੋਵੇ,
ਦੂਰੋਂ ਮਾਰਦੇ ਨੇ ਲਿਸ਼ਕਾਰ ਚਮਚੇ।


ਸੋਹਣੀ ਡੱਬੀਆਂ ਦੇ ਵਿੱਚ ਪੈੱਕ ਹੋ ਕੇ,
ਵਿੱਚ ਵਿਕਣੇ ਆਉਣ ਬਾਜਾਰ ਚਮਚੇ।

ਬਾਕੀ ਭਾਂਡਿਆਂ ਦੇ ਨਾਲ਼ ਆਮ ਇਹ ਵੀ,
ਰਸੋਈ-ਘਰਾਂ ਦਾ ਬਣਨ ਸ਼ਿੰਗਾਰ ਚਮਚੇ।

ਲੱਖ ਸਖਤ ਤੇ ਸੋਹਣੇ ਹੋਣ ਭਾਵੇਂ,
ਪਰ ਅਹਿਮੀਅਤ ਸਕਦੇ ਪਾ ਨਾਹੀਂ।
ਘੜਾਮੇਂ ਵਾਲਿ ?ਆ ਟੁੱਟ ਜਾਂ ਗੁੰਮ ਜਾਵਣ,
ਹੁੰਦੀ ਕਿਸੇ ਨੂੰ ਕੋਈ ਪਰਵਾਹ ਨਾਹੀਂ।

ਹੁੰਦੀ ਕਿਸੇ ਨੂੰ ਕੋਈ ਪਰਵਾਹ ਨਾਹੀਂ।

## ਕਹਾਣੀ ਪਰਗਾ



ਅਮਰ ਗਰਗ ਕਲਮਦਾਨ
ਮੋਬਾਇਲ 98143-41746
E-mail : amargargp@gmail.com

ਨੌਂ ਵੱਜਣ ਵਾਲੇ ਸਨ, ਕਾਲਜ ਵਿੱਚ ਚਹਲ-ਪਹਲ ਵੱਧਣ ਲੱਗ ਪਈ ਸੀ, ਸਿਮਰਨ ਨੇ ਆਪਣੀ ਸਕੂਟਰੀ ਖੜੀ ਕੀਤੀ, ਹੈਲਮਟ ਜਮ੍ਹਾਂ ਕਰਵਾਇਆ, ਤੇਜ਼ੀ ਨਾਲ਼ ਜਮਾਤ ਵੱਲ ਤੁਰ ਪਈ। ਕੁਝ ਵਿਦਿਆਰਥੀ ਪਹਿਲਾਂ ਹੀ ਪਹੁੰਚੇ ਹੋਏ ਸਨ। ਬੋਰਡ ਉੱਪਰ ਵੱਡੇ ਅੱਖਰਾਂ ਚ ਲਿਖਿਆ ਸੀ, (ਪੀ.ਆਰ.ਜੀ.ਏ)-ਪਰਗਾ। ਅਧਿਆਪਕ ਆਏ ਇੱਕੋਂ ਦਮ-ਨਜ਼ਰ ਬੋਰਡ ਉੱਪਰ ਗਈ। ਰਾਜਨੀਤੀ ਵਿੱਚ ਜਗਿਆਸੂ ਪ੍ਰਾਵਿਰਤੀ ਹੋਣ ਕਾਰਨ ਅਧਿਆਪਕ ਨੇ ਵਿਦਿਆਰਥੀਆਂ ਤੋਂ ਪੁੱਛ ਲਿਆ, "ਇਸਦਾ ਕੀ ਮਤਲਬ ਹੈ?"

ਇੱਕ ਵਿਦਿਆਰਥੀ ਦੀਪ ਸਿੰਘ ਖੜ੍ਹਾ ਹੋਇਆ ਕਹਿਣ ਲੱਗਾ,"ਸਰ ਜੀ! ਚੰਗਾ ਹੋਵੇਗਾ ਜੇਕਰ ਤੁਸੀਂ ਡੀ.ਆਰ ਸਿਮਰਨ ਤੋਂ ਪੁੱਛੋ।"ਅਧਿਆਪਕ ਨੇ ਸਿਮਰਨ ਤੋਂ ਪੁੱਛਿਆ,"ਸਿਮਰਨ ਤੁਸੀਂ ਦੱਸੋ, ਇਸਦਾ ਕੀ ਮਤਲਬ ਹੈ?" ਸਿਮਰਨ ਖੜੀ ਹੋਈ ਅਤੇ ਕਹਿਣ ਲੱਗੀ, "ਨਾਂ ਤਾਂ ਮੈਂ ਇਹ ਲਿਖਿਆ ਹੈ, ਅਤੇ ਨਾ ਹੀ ਮੈਨੂੰ ਇਸਦਾ ਮਤਲਬ ਪਤਾ ਹੈ।" ਹੁਣ ਅਧਿਆਪਕ ਨੇ ਪਹਿਲਾਂ ਵਾਲੇ ਵਿਦਿਆਰਥੀ ਤੋਂ ਦੁਬਾਰਾ ਪੁੱਛਿਆ। ਦੀਪ ਖੜਾ ਹੋਇਆ ਅਤੇ ਉਸਨੇ ਸੱਚ ਬੋਲਣਾ ਹੀ ਸਹੀ ਸਮਝਿਆ, ਕਹਿਣ ਲੱਗਾ, "ਸਰ ਜੀ! ਇਹ ਮੈਂ ਲਿਖਿਆ ਹੈ, ਇਹ ਰਾਜਨੀਤੀ ਸ਼ਾਸਤਰ ਦੀ ਜਮਾਤ ਹੈ, ਜਿਸ ਰਾਜਨੀਤੀ ਦਾ ਸਿੱਧਾ ਸਾਡੇ ਤੇ ਅਸਰ ਪੈਂਦਾ ਹੈ, ਸਾਨੂੰ ਬੁੱਧੂ ਸਮਝਿਆ ਜਾਂਦਾ ਹੈ, ਸਾਡੇ ਅਰਮਾਨਾ ਨਾਲ਼ ਖੇਡਕੇ ਆਪਣੇ ਹਿੱਤ ਪੂਰੇ ਜਾਂਦੇ ਹਨ, ਮੈਂ ਉਸਨੂੰ ਨੰਗਾ ਕਰ ਰਿਹਾ ਹਾਂ, ਮੈਂ ਸਿਮਰਨ ਦਾ ਨਾਮ ਇਸ ਕਰਕੇ ਲੈ ਦਿੱਤਾ, ਕਿਉਂਕਿ ਇਸਦਾ ਸਬੰਧ ਸਿਮਰਨ ਨਾਲ਼ ਹੈ ਇਹ ਗੱਲ ਨਿੱਜੀ ਨਾ ਹੋ ਕੇ, ਪਹਿਲਾਂ ਹੀ ਲੋਕਾਂ ਵਿੱਚ ਆ ਚੁੱਕੀ ਹੈ, ਹੁਣ ਮੈਂ ਇਸਦਾ ਮਤਲਬ ਦੱਸ ਰਿਹਾ ਹਾਂ, ਮੈਨੂੰ ਇਹ ਵੀ ਆਸ ਹੈ, ਸਿਮਰਨ ਵੀ ਮੇਰੇ ਤਰਕ ਨਾਲ਼ ਸਹਿਮਤ ਹੋਵੇਗੀ, ਇਸਦਾ ਮਤਲਬ ਹੈ "ਪਰਾਈਜ਼ ਰਿਟਰਨਿੰਗ ਗੈਂਗ ਅਗੇਨ।"

ਸਿਮਰਨ ਖੜੀ ਹੋਈ ਕਹਿਣ ਲੱਗੀ,"ਸਰ ਜੀ! ਮੈਨੂੰ ਦੀਪ ਪ੍ਰਤੀ ਕੋਈ ਗਿਲਾ ਸ਼ਿਕਵਾ ਨਹੀਂ ਹੈ, ਜੇ ਉਹ ਮੇਰਾ ਨਾਮ ਨਾ ਵੀ ਲੈਂਦਾ, ਜਦੋਂ ਗੱਲ ਮੇਰੇ ਪਿਤਾ ਨਾਲ਼ ਜੁੜੀ ਹੋਈ ਹੈ, ਤਾਂ ਮੇਰਾ ਨਾਂ ਤਾਂ ਵਿੱਚ ਆ ਹੀ ਜਾਣਾ ਸੀ, ਹੁਣ ਮੈਂ ਆਪ ਜੀ ਨੂੰ ਇਹ ਕਹਿਣਾ ਚਾਹੁੰਦੀ ਹਾਂ ਕਿ ਅੱਜ ਇਸ ਮਸਲੇ ਤੇ ਖੁੱਲ੍ਹ ਕੇ ਚਰਚਾ ਹੋ ਜਾਵੇ, ਜਦੋਂ ਮੇਰੇ ਪਿਤਾ ਜੀ ਦੀ ਕੋਈ ਗਤੀਵਿਧੀ, ਕੋਈ ਲਿਖਤ ਨਿੱਜੀ ਨਹੀਂ ਹੈ ਤਾਂ ਉਸ ਤੇ ਚਰਚਾ ਹੋਣੀ ਹੀ ਚਾਹੀਦੀ ਹੈ।"

ਅਧਿਆਪਕ ਕਹਿਣ ਲੱਗੇ,"ਜਦੋਂ ਇਹ ਵਿਸ਼ਾ ਦੀਪ ਤੋਂ ਸ਼ੁਰੂ ਹੋਇਆ ਹੈ, ਤਾਂ ਇਸ ਉੱਪਰ ਚਰਚਾ ਦਾ ਆਰੰਭ ਵੀ ਇਹੋ ਕਰੇਗਾ, ਨਿੱਜੀ ਹਮਲੇ ਤੋਂ ਗੁਰੇਜ ਕਰਨਾ ਹੈ।" ਦੀਪ ਬੋਲਿਆ, "ਸਿਮਰਨ ਮੇਰੀ ਇੱਕ ਸੱਚੀ ਮਿੱਤਰ ਹੈ, ਉਸਦੇ ਖੁੱਲ੍ਹੇ ਵਿਚਾਰਾਂ ਦੀ ਮੈਂ ਕਦਰ ਕਰਦਾ ਹਾਂ, ਇਨਾਮ ਵਾਪਸੀ ਦੇ ਸਬੰਧ ਵਿੱਚ ਮੈਂ ਤਾਂ ਇਹੋ ਕਹਿਣਾ ਚਾਹੁੰਦਾ ਹਾਂ, ਕੁਝ ਬੁੱਧੀਜੀਵੀ, ਲੇਖਕ ਜਾਂ ਯੂਨਿਵਰਸਿਟੀਆਂ ਨਾਲ਼ ਜੁੜੇ ਹੋਏ ਚਲਾਕ ਦਿਮਾਗ ਪ੍ਰੋਫੈਸਰ ਪਹਿਲਾਂ ਤਾਂ ਕੇਂਦਰੀ ਸਰਕਾਰ ਜਾਂ ਰਾਜ ਸਰਕਾਰਾਂ ਤੋਂ ਇਨਾਮ ਪ੍ਰਾਪਤ ਕਰਦੇ ਹਨ, ਇਨਾਮਾਂ ਦੇ ਨਾਲ਼ ਉਹ ਵੱਡੀਆਂ-ਵੱਡੀਆਂ ਧਨ ਰਾਸ਼ੀਆਂ ਵੀ ਪ੍ਰਾਪਤ ਕਰਦੇ ਹਨ, ਫੇਰ ਉਹ ਉਨ੍ਹਾਂ ਇਨਾਮਾਂ ਦੀ ਛੁਰੀ ਬਣਾ ਲੈਂਦੇ ਹਨ ਅਤੇ ਭਾਰਤ ਮਾਤਾ ਦੀ ਪਿੱਠ ਵਿੱਚ ਮਾਰਦੇ ਹਨ। ਭਾਰਤ ਇੱਕ ਲੋਕਤਾਂਤ੍ਰਿਕ ਦੇਸ਼ ਹੈ, ਕਿਸੇ ਵੀ ਲੋਕਤੰਤ੍ਰ ਵਿੱਚ ਮਸਲੇ ਪੈਦਾ ਹੁੰਦੇ ਹਨ। ਕੀ ਕਦੇ ਚੀਨ ਵਿੱਚ ਕੋਈ ਰੈਲੀ ਜਾਂ ਮੁਜ਼ਾਹਰਾ ਦੇਖਿਆ ਹੈ? ਮਸਲਿਆਂ ਦੇ ਨਾਲ਼ ਅੰਦੋਲਨ ਵੀ ਚੱਲਦੇ ਹਨ, ਸੰਵਾਦ ਹੁੰਦਾ ਹੈ ਤੇ ਸਮਾਧਾਨ ਵੀ ਨਿਕਲਦੇ ਹਨ। ਇਨਾਮ ਵਾਪਸੀ ਗੈਂਗ ਦੀ ਇਹ ਚਾਲ ਹੈ ਕਿ ਅੰਦੋਲਨ ਚੱਲ ਰਿਹਾ ਹੈ, ਮਸਲਾ ਭਖਿਆ ਹੋਇਆ ਹੈ, ਜਦੋਂ ਇਨਾਮ ਵਾਪਿਸ ਤਾਂ ਹੋਣੇ ਨਹੀਂ, ਫੇਰ ਕਿਉਂ ਨਾ ਵਹਿੰਦੀ ਗੰਗਾ ਵਿੱਚ ਹੱਥ ਧੋ ਲਏ ਜਾਣ। ਉਹ ਇਨਾਮ ਵਾਪਸੀ ਦਾ ਸੁੰਦਰ ਨਾਟਕ ਕਰਦੇ ਹਨ, ਅਖਬਾਰਾਂ ਦੀਆਂ ਸੁਰਖੀਆਂ ਬਣਦੇ ਹਨ। ਜੇਕਰ ਕੋਈ ਵਿਅਕਤੀ ਸੱਚਮੁੱਚ ਇਨਾਮ ਵਾਪਸ ਕਰਨਾ ਚਾਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਇਨਾਮ ਦੇ ਨਾਲ਼ ਮਿਲੀ ਰਾਸ਼ੀ ਪ੍ਰਧਾਨ ਮੰਤਰੀ ਰਿਲੀਫ ਫੰਡ ਵਿੱਚ ਜਮ੍ਹਾਂ ਕਰਵਾਵੇ।"

ਇੱਕ ਵਿਦਿਆਰਥਣ ਸੁਹਾਨੀ ਬੋਲੀ, "ਇਹ ਪਰਗਾ ਗੈਂਗ ਦੇ ਵਿਅਕਤੀਆਂ ਨੂੰ ਭੋਰਾ ਵੀ ਸ਼ਰਮ ਨਹੀਂ ਆਉਂਦੀ, ਇੱਕ ਵੱਡੇ ਲਿਖਾਰੀ ਨੇ ਤਾਂ ਇਨਾਮ ਦੋ ਵਾਰ ਵਾਪਿਸ ਕਰ ਦਿੱਤਾ, ਲੋਕਤਾਂਤ੍ਰ ਹੈ ਮਸਲੇ ਤਾਂ ਪੈਦਾ ਹੁੰਦੇ ਰਹਿਣਗੇ ਅਤੇ ਗੈਂਗ ਦੇ ਲੋਕ ਵਾਰੀ-ਵਾਰੀ ਕਾਗਜਾਂ ਵਿੱਚ ਇਨਾਮ ਵਿਪਾਸ ਕਰਦੇ ਰਹਿਣਗੇ। ਇਨ੍ਹਾਂ ਤੋਂ ਸੱਚਮੁੱਚ ਇਨਾਮ ਵਿਪਾਸ ਲੈ ਲੈਣੇ ਚਾਹੀਦੇ ਹਨ ਤਾਂ ਕਿ ਇਹ ਪ੍ਰਥਾ ਬੰਦ ਹੋ ਜਾਵੇ।"

ਇੱਕ ਹੋਰ ਵਿਦਿਆਰਥਣ ਦਿਵਿਆ ਬੋਲੀ, "ਯੂਨਿਵਰਸਿਟੀ ਵਿੱਚ ਖੁੱਲ੍ਹੇ ਗੱਫੇ ਲੈਂਦੇ ਇੱਕ ਅਧਿਆਪਕ ਨੇ ਤਾਂ ਹੱਦ ਹੀ ਕਰ ਦਿੱਤੀ, ਪਹਿਲਾਂ ਆਪ ਨੂੰ ਮਿਲੇ ਇਨਾਮ ਵਾਪਸੀ ਦੀ ਘੋਸ਼ਣਾ ਕਰ ਦਿੱਤੀ, ਇੱਕ ਹਫਤੇ ਬਾਅਦ ਆਪਣੀ ਪਤਨੀ ਨੂੰ ਸਾਹਿਤਕ ਅਵਾਰਡ ਦਵਾ ਦਿੱਤਾ, ਹੈਰਾਨੀ ਦੀ ਗੱਲ ਤਾਂ ਇਹ ਹੈ, ਉਹ ਉਸੇ ਬੋਰਡ ਦਾ ਮੈਂਬਰ ਵੀ ਸੀ, ਜਿਸਨੇ ਐਵਾਰਡ ਦੇਣ ਦੀ ਚੋਣ ਕੀਤੀ ਸੀ।"

ਇੱਕ ਵਿਦਿਆਰਥੀ ਹਰਮਨ ਬੋਲਿਆ, "ਕਿਸਾਨ ਅੰਦੋਲਨ ਵਿੱਚ ਝੂਠ ਅਤੇ ਦੋਹਰਾਪਨ ਬੁਰੀ ਤਰਾਂ ਘੁੱਸ ਚੁੱਕਾ ਹੈ, ਇਨਾਮ ਵਾਪਸੀ ਗੈਂਗ ਦੀ ਕਾਰੀਗਰੀ ਤਾਂ ਸਾਡੇ ਸਾਹਮਣੇ ਆ ਚੁੱਕੀ ਹੈ, ਇੱਕ ਵੱਡੇ ਕਿਸਾਨ ਹਿਤੈਸ਼ੀ ਦੀ ਇੱਕ ਵੱਡੀ ਕੰਪਨੀ ਐੱਸ.ਐਗਰੋ ਹੈ, ਜਿਹੜੀ ਦੂਜੇ ਰਾਜਾਂ ਚੋਂ ਘੱਟ ਕੀਮਤ ਉੱਪਰ ਕਣਕ ਅਤੇ ਚਾਵਲ ਖਰੀਦ ਕੇ ਪੰਜਾਬ ਵਿੱਚ ਐੱਮ.ਐੱਸ.ਪੀ ਤੇ ਬੇਚਦੀ ਹੈ। ਇੱਕ ਹੋਰ ਗੱਲ ਸਾਹਮਣੇ ਆਈ ਹੈ, ਕਿਸਾਨ ਯੂਨੀਅਨ ਨੇ ਆਪਣੇ ਮੰਗ ਪੱਤਰ ਵਿੱਚ 2020 ਦਿੱਲੀ ਦੰਗਿਆਂ ਦੇ ਮੁਜ਼ਰਿਮਾਂ ਅਤੇ ਬਾਰਬਰਾ ਰਾਓ ਨੂੰ ਛੱਡਣ ਦੀ ਗੱਲ ਆਖੀ ਹੈ, ਕਿਸਾਨ ਅੰਦੋਲਨ ਨੂੰ ਨਕਸਲਵਾੜਈਆਂ ਨੇ ਹਾਈਜੈੱਕ ਕਰ ਲਿਆ ਹੈ, ਨਕਸਲਵਾੜੀਆਂ ਦਾ ਅਸਲੀ ਪ੍ਰੋਗਰਾਮ ਸਮਾਜਵਾਦ ਹੈ, ਜਿਸ ਵਿੱਚ ਜਮੀਨਾਂ ਦੀ ਨਿੱਜੀ ਮਾਲਕੀ ਖਤਮ ਹੋ ਜਾਂਦੀ ਹੈ।"

ਇੱਕ ਵਿਦਿਆਰਥੀ ਸੁਰਿੰਦਰ ਉਠਿਆ ਕਹਿਣ ਲੱਗਾ, "ਮੈਨੂੰ ਹਰਮਨ ਦੀ ਗੱਲ ਉੱਪਰ ਸਖਤ ਇਤਰਾਜ਼ ਹੈ। ਕਿਸਾਨ ਅੰਦੋਲਨ ਆਪਣੇ ਪੈਰਾਂ ਤੇ ਚੱਲ ਰਿਹਾ ਹੈ। ਐੱਸ.ਐਗਰੋ ਵਾਲਿਆਂ ਨੂੰ ਤਾਂ ਉੱਥੇ ਖੰਘਣ ਵੀ ਨਹੀਂ ਦਿੱਤਾ ਜਾਂਦਾ। ਇਹ ਅੰਦੋਲਨ ਪੂਰੀ ਤਰਾਂ ਗੈਰ-ਰਾਜਨੀਤਿਕ ਹੈ, ਭਾਵੇਂ ਨਕਸਲਵਾੜੀ ਆਪਣੀ ਰੋਟੀ ਸੇਕਣਾ ਚਾਹੁੰਦੇ ਹੋਣ, ਪਰ ਮੁੱਖ ਮੁੱਦਾ ਤਾਂ ਕਿਸਾਨੀ ਮੰਗਾਂ ਹਨ।"

ਅਧਿਆਪਕ ਬੋਲਿਆ,"ਹੁਣ ਆਖਰੀ ਬੁਲਾਰਾ ਗੋਗੀ ਹੈ।"

ਗੋਗੀ ਬੋਲਿਆ,"ਇਨਾਮ ਵਾਪਸੀ ਗੈਂਗ ਦੇ ਝੂਠੇ ਕਾਰਨਾਮੇ ਨਾਲ਼ ਅੰਤਰ ਰਾਸ਼ਟਰੀ ਬਿਰਾਦਰੀ ਵਿੱਚ ਦੇਸ਼ ਦੇ ਮਾਨ ਅਤੇ ਪ੍ਰਤਿਸਠਾ ਨੂੰ ਭੈਰੀ ਠੇਸ ਪਹੁੰਚਦੀ ਹੈ। ਇਨਾਮ ਵਾਪਿਸ ਕਰਨ ਵਾਲਾ ਕੋਈ ਮਜ਼ਦੂਰ ਜਾਂ ਕਿਸਾਨ ਨਹੀਂ ਹੁੰਦਾ ਉਹ ਤਾਂ ਵੱਡੇ-ਵੱਡੇ ਅਹੁਦਿਆਂ ਤੇ ਬੈਠੇ ਹਨ, ਜਾਂ ਵੱਡੀਆਂ-ਵੱਡੀਆਂ ਪੈਨਸ਼ਨਾਂ ਲੈਂਦੇ ਹਨ। ਸਰਕਾਰ ਨੂੰ ਹੁਣ ਇੱਕ ਕਾਨੂੰਨ ਬਣਾਉਣਾ ਚਾਹੀਦਾ ਹੈ, ਜੇਕਰ ਕੋਈ ਇਨਾਮ ਪ੍ਰਾਪਤ ਵਿਅਕਤੀ ਆਪਣੇ ਕਿਸੇ ਕਾਰਨਾਮੇ ਨਾਲ਼ ਦੇਸ਼ ਦੀ ਪ੍ਰਤਿਸ਼ਠਾ ਅਤੇ ਮਾਨ ਨੂੰ ਠੇਸ ਪਹੁੰਚਾਉਂਦਾ ਹੈ, ਤਾਂ ਉਸਨੂੰ ਦਿੱਤੇ ਇਨਾਮ ਅਤੇ ਰਾਸ਼ੀ ਨੂੰ ਵਾਪਿਸ ਲੈ ਕੇ ਅਪਾਹਜ਼ ਮਜ਼ਦੂਰਾਂ ਅਤੇ ਕਿਸਾਨਾਂ ਵਿੱਚ ਵੰਡ ਦੇਣੀ ਚਾਹੀਦੀ ਹੈ।"

ਹੁਣ ਸਿਮਰਨ ਅਧਿਆਪਕ ਤੋਂ ਸਮਾਂ ਲੈ ਕੇ ਬੋਲੀ, "ਮੈਨੂੰ ਕਿਸੇ ਵੀ ਵਕਤਾ ਨਾਲ ਕੋਈ ਰੰਜਸ਼ ਨਹੀਂ ਹੈ, ਸਗੋਂ ਮੈਨੂੰ ਤਾਂ ਇਨ੍ਹਾਂ ਵਕਤਾਵਾਂ ਦੀ ਬੇਵਾਕੀ ਨਾਲ਼ ਮਨ ਨੂੰ ਸੰਤੁਸ਼ਟੀ ਪ੍ਰਾਪਤ ਹੋਈ ਹੈ, ਹੁਣ ਅਸਲੀ ਸੰਘਰਸ਼ ਤਾਂ ਮੇਰਾ ਮੇਰੇ ਪਾਪਾ, ਤੀਹ ਕਿਤਾਬਾਂ ਲਿਖਣ ਵਾਲੇ ਉੱਘੇ ਸਾਹਿਤਕਾਰ ਸ਼੍ਰੀ ਹਰਜੀਤ ਸਿੰਘ ਸ਼ਾਤਰ ਨਾਲ਼ ਚੱਲਣਾ ਹੈ, ਮੈਂ ਆਪਣੇ ਦੋਸਤਾਂ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਮੈਨੂੰ ਸੱਚ ਤੇ ਖੜ੍ਹੇ ਹੋਣ ਦਾ ਬਲ ਦਿੱਤਾ ਹੈ।"

ਸਿਮਰਨ ਘਰ ਪਹੁੰਚੀ, ਮੰਮਾ ਨੇ ਖਾਣਾ ਖਾਣ ਲਈ ਕਿਹਾ, ਪਰ ਸਿਮਰਨ ਥੋੜਾ ਗੁੱਸੇ ਚ ਬੋਲੀ, ਉਹ ਪਾਪਾ ਨਾਲ਼ ਇੱਕ ਜ਼ਰੂਰੀ ਗੱਲ ਕਰਕੇ ਹੀ ਖਾਵੇਗੀ।" ਪਾਪਾ ਦੇ ਆਉਣ ਤੱਕ, ਉਨ੍ਹਾਂ ਵੱਲੋਂ ਲਿਖੀਆਂ ਸਾਰੀਆਂ ਕਿਤਾਬਾਂ ਨੂੰ ਖਾਣੇ ਦੇ ਮੇਜ਼ ਉੱਪਰ ਚਿਣ ਦਿੱਤਾ ਸੀ।

ਪਾਪਾ ਆ ਗਏ, ਸਿਮਰਨ ਨੂੰ ਪਿਆਰ ਦੇਣ ਦੀ ਕੋਸ਼ਿਸ਼ ਕੀਤੀ, ਪਰ ਸਿਮਰਨ ਨੇ ਸਵੀਕਾਰ ਨਹੀਂ ਕੀਤਾ, ਕਹਿਣ ਲੱਗੀ, "ਇੱਥੇ ਬੈਠ ਜਾਵੋ, ਪਹਿਲਾਂ ਮੇਰੇ ਸਵਾਲਾਂ ਦਾ ਉੱਤਰ ਦਿਓ, ਫੇਰ ਪਿਤਾ ਦਾ ਦਰਜਾ ਲੈਣਾ, ਜੇਕਰ ਐਨੀਆਂ ਕਿਤਾਬਾਂ ਲਿਖਣ ਤੋਂ ਬਾਅਦ ਵੀ ਤੁਸੀਂ ਸੱਚ ਨੂੰ ਪੱਲੇ ਨਹੀਂ ਬੰਨ੍ਹ ਸਕੇ ਤਾਂ ਫਿਰ ਇਨ੍ਹਾਂ ਦੇ ਲਿਖਣ ਦਾ ਕੀ ਫਾਇਦਾ?"

ਪਿਤਾ ਕਹਿਣ ਲੱਗੇ, "ਹੋਇਆ ਕੀ ਹੈ? ਮੈਨੂੰ ਸਪੱਸ਼ਟ ਦੱਸ।"

ਸਿਮਰਨ ਬੋਲੀ, "ਹੁਣ ਮੈਂ ਸਪੱਸ਼ਟ ਹੀ ਕਹਿੰਦੀ ਹਾਂ, ਤੁਸੀਂ ਐਵਾਰਡ ਵਾਪਸੀ ਦਾ ਐਲਾਨ ਕੀਤਾ ਹੈ, ਇਹ ਖਬਰ ਮੈਂ ਅਖਬਾਰ ਵਿੱਚ ਵੀ ਪੜ੍ਹ ਚੁੱਕੀ ਹਾਂ, ਕੀ ਇਹ ਨੈਤਿਕ ਤੌਰ ਤੇ ਠੀਕ ਹੈ? ਜਦੋਂ ਕੋਈ ਐਵਾਰਡ ਵਾਪਿਸ ਹੀ ਨਹੀਂ ਹੁੰਦਾ ਤਾਂ ਫਿਰ ਵਾਪਿਸ ਕਰਨ ਦਾ ਨਾਟਕ ਕਿਉਂ?"

"ਬੇਟਾ ਤੁਸੀਂ ਆਪਣੀ ਥਾਂ ਤੇ ਬਿਲਕੁਲ ਸਹੀ ਹੋ, ਮੈਨੂੰ ਜੋ ਰੁਤਬਾ ਜਾਂ ਐਵਾਰਡ ਪ੍ਰਾਪਤ ਹੋਇਆ ਹੈ, ਇਹ ਇੱਕ ਸਿਆਸਤ ਨਾਲ਼ ਖੜਨ ਕਾਰਨ ਪ੍ਰਾਪਤ ਹੋਇਆ ਹੈ।"

ਠੀਕ ਹੈ ਤੁਸੀਂ ਕਿਸੇ ਸਿਆਸਤ ਨਾਲ਼ ਖੜੋ, ਪਰ ਤੁਸੀਂ ਇੱਕ ਲੇਖਕ ਹੋ, ਜਿਨ੍ਹਾਂ ਦਾ ਸਾਰਾ ਸੰਸਾਰ ਸਤਿਕਾਰ ਕਰਦਾ ਹੈ, ਕੀ ਕਿਸੇ ਸਿਆਸਤ ਨਾਲ਼ ਖੜ੍ਹਨ ਲਈ ਅਨੈਤਿਕਤਾ ਅਤੇ ਝੂਠ ਨੂੰ ਅਪਣਾਉਣਾ ਠੀਕ ਹੈ? ਬੇਟਾ ਜਿਸਨੂੰ ਤੂੰ ਅਨੈਤਿਕ ਅਤੇ ਝੂਠ ਦੱਸਦੀ ਹੈ ਇਸੇ ਪਾਣੀ ਨਾਲ਼ ਸਿਆਸਤ ਨੂੰ ਸੀਂਚਣਾ ਪੈਂਦਾ ਹੈ। ਨਾਲੇ ਕਿਸਾਨ ਅੰਦੋਲਨ ਨੂੰ ਉਤਸ਼ਾਹ ਦੇਣ ਲਈ ਮੈਂ ਇਹ ਕਦਮ ਚੁੱਕਿਆ ਹੈ।"

ਸਿਮਰਨ ਬੋਲੀ, "ਝੂਠ ਦੀ ਰਿਲਾਵਟ ਨਾਲ਼ ਕਿਸੇ ਵੀ ਅੰਦੋਲਨ ਨੂੰ ਉਤਸ਼ਾਹ ਨਹੀਂ ਸਗੋਂ ਜਹਿਰ ਮਿਲਦਾ ਹੈ। ਛੱਡ ਦੇਵੋ ਅਜਿਹੀ ਸਿਆਸਤ ਜਿਸ ਨਾਲ਼ ਜਮੀਰ ਮਰਦੀ ਹੋਵੇ।"

"ਬੇਟਾ! ਇਹ ਝੂਠ ਨਹੀਂ ਹੈ, ਮੈਂ ਸੱਚਮੁੱਚ ਮੈਡਲ ਅਤੇ ਸਰਟੀਫਿਕੇਟ ਕੇਂਦਰੀ ਸਰਕਾਰ ਨੂੰ ਭੇਜ ਦਿੱਤੇ ਹਨ, ਜਿਹੜੀ ਸਰਕਾਰ ਕਿਸਾਨਾਂ ਤੇ ਜ਼ੁਲਮ ਕਰ ਰਹੀ ਹੈ, ਮੈਂ ਉਸ ਵੱਲੋਂ ਐਵਾਰਡ ਨਹੀਂ ਲੈ ਸਕਦਾ, ਮੇਰਾ ਇਹ ਕਦਮ ਕੋਈ ਅਨੈਤਿਕ ਨਹੀਂ ਹੈ।"

ਤੁਸੀਂ ਹਾਲੇ ਵੀ ਝੂਠ ਦਾ ਸਹਾਰਾ ਲੈ ਰਹੇ ਹੋ, ਸਿਮਰਨ ਬੋਲੀ, ਯਾਦ ਹੈ ਤੁਸੀਂ ਦੋ ਸਾਲ ਪਹਿਲਾਂ ਵੀ ਐਵਾਰਡ ਵਾਪਿਸ ਕੀਤਾ ਸੀ, ਹੋਰ ਕਿੰਨੇ ਵਾਰ ਕਰੋਗੇ?" ਕ੍ਰਿਪਾ ਕਰਕੇ ਆਪਣੀ ਜਮੀਰ ਨਾ ਮਾਰੋ, ਹੁਣ ਸ਼ੋਸ਼ਲ ਮੀਡੀਆ ਦਾ ਜਮਾਨਾ ਹੈ, ਛੋਟੀ ਜਿਹੀ ਘਟਨਾ ਵੀ ਬੱਚੇ-ਬੱਚੇ ਤੱਕ ਪਹੁੰਚ ਜਾਂਦੀ ਹੈ, ਪਹਿਲਾਂ ਇਕੱਲਾ ਲੀਡਰਾਂ ਕੋਲ ਮਾਈਕ ਹੁੰਦਾ ਸੀ, ਹੁਣ ਸਭ ਕੋਲ ਹੈ, ਜੇਕਰ ਤੁਸੀਂ ਕੋਈ ਅਨੈਤਿਕ ਕਦਮ ਚੁੱਕਦੇ ਹੋ, ਉਸਦਾ ਅਸਰ ਸਾਡੇ ਤੇ ਵੀ ਪੈਂਦਾ ਹੈ, ਅੱਜ ਸਾਡੀ ਕਲਾਸ ਵਿੱਚ ਇੱਕ ਵਿਦਿਆਰਥੀ ਨੇ ਬੋਰਡ ਉੱਪਰ "ਪਰਗਾ" ਲਿਖ ਦਿੱਤਾ ਜਿਸਦਾ ਮਤਲਬ ਉਸਨੇ "ਪਰਾਈਜ਼ ਰਿਟਰਨਿੰਗ ਗੈਂਗ ਅਗੇਨ" ਲਿਖਿਆ, ਇਸ ਉੱਪਰ ਖੁੱਲ੍ਹ ਕੇ ਚਰਚਾ ਵੀ ਹੋਈ।"

ਇਹ ਸੁਣਕੇ ਸ਼ਾਤਰ ਸਾਹਿਬ ਬੁਰੀ ਤਰਾਂ ਹਿੱਲ ਗਏ, ਕਹਿਣ ਲੱਗੇ, "ਬੇਟਾ, ਮੈਥੋਂ ਬਹੁਤ ਵੱਡੀ ਗਲਤੀ ਹੋ ਗਈ, ਐਵਾਰਡ ਤਾਂ ਦੇਸ਼ ਨੇ ਦਿੱਤਾ ਹੈ, ਇਸ ਦੇਸ਼ ਨੇ ਹੀ ਐਨਾ ਇੱਜ਼ਤ-ਮਾਨ ਦਿੱਤਾ ਹੈ, ਮੈਨੂੰ ਇਹ ਇਨਾਮ ਵਾਪਸੀ ਦਾ ਕਦਮ ਨਹੀਂ ਚੁੱਕਣਾ ਚਾਹੀਦਾ ਸੀ।"

ਸਿਮਰਨ ਕਹਿਣ ਲੱਗੀ, "ਸਿਆਸਤ ਖੁੱਸਦੀ ਹੈ, ਖੁੱਸ ਜਾਵੇ, ਕੱਲ੍ਹ ਨੂੰ ਹੀ ਇਹ ਸਟੇਟਮੈਂਟ ਦਿਓ," ਮੈਂ ਸਰਕਾਰ ਅਤੇ ਕਿਸਾਨਾਂ ਵਿਚਕਾਰ ਇੱਕ ਸਹੀ ਸਮਝੌਤੇ ਦਾ ਪੱਖਦਾਰ ਹਾਂ, ਕਿਸਾਨਾਂ ਨੂੰ ਮੁਸਾਫਿਰਾਂ ਦੀ ਪ੍ਰੇਸ਼ਾਨੀ ਨੂੰ ਸਾਹਮਣੇ ਰੱਖਦਿਆਂ, ਰੇਲਵੇ ਲਾਈਨਾਂ, ਜਰਨੈਲੀ ਸੜਕਾਂ ਜਾਮ ਨਹੀਂ ਕਰਨੀਆਂ ਚਾਹੀਦੀਆਂ, ਜਾਮ ਨਾਲ਼ ਲੱਖਾਂ ਵਿਅਕਤੀਆਂ ਦੇ ਰੁਜ਼ਗਾਰ ਉੱਪਰ ਉਲਟ ਅਸਰ ਪੈਂਦਾ ਹੈ। ਮੈਂ ਭਾਰਤ ਦੇਸ਼ ਜਿਸਨੇ ਮੈਨੂੰ ਐਨਾ ਵੱਡਾ ਮਾਨ ਬਖਸ਼ਿਆ ਹੈ, ਉਸ ਲਈ ਮੈਂ ਭਾਰਤ ਦੇਸ਼ ਦਾ ਰਿਣੀ ਹਾਂ, ਜਦੋਂ ਇਹ ਸਟੇਟਮੈਂਟ ਆ ਜਾਵੇਗੀ, ਫੇਰ ਮੈਂ ਕਾਲਜ ਜਾਵਾਂਗੀ।"

ਪ੍ਰਧਾਨ : ਸਰਦਾਰ ਪਟੇਲ ਐਜੂਕੇਸ਼ਨਲ ਚੈਰੀਟੇਬਲ ਸੁਸਾਇਟੀ (ਰਜਿ:)
ਪੰਜਾਹ ਫੁੱਟੀ ਰੋਡ ਧੂਰੀ-148024,
ਜਿਲਾ ਸੰਗਰੂਰ (ਪੰਜਾਬ)।

## ਮਿੰਨੀ ਕਹਾਣੀ ਅਫਸਰਸ਼ਾਹੀ



ਗੁਰਮਾਨ ਸੈਣੀ
ਮੋਬਾ.:8360487488

ਮਹੀਨੇ ਦਾ ਪਹਿਲਾ ਐਤਵਾਰ ਸੀ। ਸੌਦਾ ਪੱਤਾ ਲੈ ਕੇ ਪਾਲ ਸਿੰਘ ਸਹਿਰ ਤੋਂ ਮੁੜ ਰਿਹਾ ਸੀ। ਵਧਦੀ ਮਹਿੰਗਾਈ ਤੋਂ ਪ੍ਰੇਸ਼ਾਨ ਪਾਲ ਸਿੰਘ ਦੇ ਪੰਜੇ ਸਾਈਕਲ ਦੇ ਪੈਡਲਾਂ ਦੇ ਉਠਦੇ ਹੋਏ ਫਨ ਨੂੰ ਨਹੀਂ ਸੀ ਦਬਾ ਪਾ ਰਹੇ। ਫਰਜੀ ਮੈਡੀਕਲ ਕਲੇਮ, ਐਲ. ਟੀ. ਸੀ. ਫੰਡ ਵਿੱਚੋਂ ਲਿਆ ਆਰਜੀ ਅਡਵਾਂਸ ਸਭ ਦਾ ਕਮਾਇਆ ਪੈਸਾ ਇਸ ਮਹਿੰਗਾਈ ਦੀ ਲੰਬੀ ਲਿਸਟ ਚੱਟ ਕਰ ਜਾਂਦੀ ਸੀ। ਪੂਰੀ ਤਨਖਾਹ ਨੂੰ ਜੇਬ ਵਿੱਚ ਪਾ ਕੇ ਉਹ ਸਹਿਰ ਗਿਆ ਸੀ ਸਿਰਫ ਰਾਸਣ ਪਾਣੀ ਦਾ ਹੀ ਇਤਬਾਰ ਨਾ ਆਉਣ ਵਾਲੀ ਰਕਮ ਦਾ ਬਿਲ ਬਣਾ ਕੇ ਬਾਣੀਏ ਨੇ ਉਸਦੇ ਹੱਥਾਂ ਵਿੱਚ ਲਿਆ ਧਰਿਆ ਸੀ। ਹੁਣ ਪਾਲ ਸਿੰਘ ਕੋਲ ਇਨੇਂ ਪੈਸੇ ਵੀ ਨਹੀਂ ਬਚੇ ਸੀ ਜਿੰਨੇ ਕੇ ਮਹੀਨੇ ਦੇ ਦਿਨ ਬਾਕੀ ਰਹਿੰਦੇ ਸਨ। ਤੇ ਤਾਰੀਖ ਸਿਰਫ ਤਿੰਨ।

ਪਾਲ ਸਿੰਘ ਨੇ ਦੇਖਿਆ ਕਿ ਸੜਕ ਤੇ ਕੁਝ ਆਦਮੀ ਜਮਾ ਹਨ। ਸੜਕ ਦੇ ਕਿਨਾਰੇ ਹੀ ਇੱਕ ਸਲੇਟੀ ਰੰਗ ਦੀ ਕਾਰ ਖੜ੍ਹੀ ਹੈ , ਜਿਸਦਾ ਦਰਵਾਜਾ ਖੁਲਿਆ ਹੋਇਆ ਹੈ। ਨੇੜੇ ਜਾਂਦਿਆਂ ਜਾਂਦਿਆਂ ਪਾਲ ਸਿੰਘ ਨੂੰ ਲੱਗਿਆ ਕਿ ਕਾਰ ਜਾਣੀ ਪਛਾਣੀ ਹੈ। ਉਸਨੇ ਆਪਣੀ ਸਾਈਕਲ ਨੂੰ ਇੱਕ ਦਰਖਤ ਦੇ ਸਹਾਰੇ ਟਿਕਾਇਆ ਤੇ ਕਰੀਬ ਕਰੀਬ ਦੌੜਦੇ ਹੋਏ ਭੀੜ ਵਿੱਚ ਘੁਸ ਗਿਆ। ਪਾਲ ਸਿੰਘ ਦਾ ਸਕ ਸਹੀ ਸੀ। ਉਹ ਡਾਇਰੈਕਟਰ ਸਾਹਿਬ ਹੀ ਸੀ। ਪਾਲ ਸਿੰਘ ਸਭ ਕੁਝ ਭੁੱਲ ਗਿਆ। ਡਾਇਰੈਕਟਰ ਸਾਹਿਬ ਬੇਸੁੱਧ ਜਿਹੇ ਕਾਰ ਦੀ ਸੀਟ ਉੱਪਰ ਪਏ ਹਾਂਫ ਰਹੇ ਸੀ। ਉਸਨੇ ਸਾਹਿਬ ਦੇ ਜੁੱਤੇ ਉਤਾਰ ਕੇ ਤਲੂਆਂ ਦੀ ਮਾਲਿਸ ਕੀਤੀ। ਗੱਡੀ ਨੂੰ ਇੱਕ ਪਾਸੇ ਲਵਾਇਆ। ਨੇੜੇ ਦੇ ਘਰ ਤੋਂ ਪਾਣੀ ਲੈ ਕੇ ਸਾਹਿਬ ਦੇ ਮੂੰਹ ਤੇ ਛਿੱਟੇ ਮਾਰੇਤੇ ਕੁਝ ਵੀ ਪਾਣੀ ਮੂੰਹ ਵਿੱਚ ਪਾਇਆ। ਇੱਕ ਟੈਕਸੀ ਰੋਕ ਕੇ ਸਾਹਿਬ ਨੂੰ ਆਪਣੇ ਘਰ ਲੈ ਆਇਆ।

ਸਾਈਕਲ ਤੇ ਜਾ ਕੇ ਸਹਿਰ ਤੋਂ ਇੱਕ ਚੰਗੇ ਡਾਕਟਰ ਨੂੰ ਬੁਲਾ ਲਿਆਇਆ। ਪਾਲ ਸਿੰਘ ਦੇ ਘਰ ਵਿੱਚ ਸਫਾਈ ਕੀਤੀ ਗਈ। ਸਾਹਿਬ ਲਈ ਜੂਸ ਲਿਆਇਆ ਗਿਆ। ਮੁਹੱਲੇ ਪੜੋਸ ਵਿੱਚ ਉਸਦੀ ਆਰਜੀ ਧਾਕ ਜਮ ਗਈ। ਸਾਹਿਬ ਨੇ ਡਾਕਟਰ ਨਾਲ ਹੱਸ ਹੱਸ ਕੇ ਗੱਲਾਂ ਕੀਤੀਆਂ। .... ਦੱਸਿਆ ਕਿ ਦੇ ਉਸਨੂੰ ਹਲਕਾ ਜਿਹਾ ਵੀ ਫਿਟ ਆ ਜਾਂਦਾ ਹੈ ਤਾਂ ਉਸਨੂੰ ਕੁਝ ਦੇਰ ਲਈ ਸੇਂਸਲੇਸਨੇਸ ਫੀਲ ਹੁੰਦੀ ਹੈ।... ਫਾਰ ਐ ਲਿਟਿਲ .. ਨਾਓ ਨੋ ਟਰੈਵਲ.. ਹੁਣ ਬਿਲਕੁਲ ਠੀਕ ਹਾਂ।" ਕਾਰ ਵਿੱਚ ਬਹਿਣ ਤੋਂ ਪਹਿਲਾਂ ਪਾਲ ਸਿੰਘ ਦੇ ਮੋਢਿਆਂ ਤੇ ਹੱਥ ਧਰ ਕੇ ' ਥੈਂਕ ਯੂ ਵੈਰੀ ਮੱਚ ' ਕਿਹਾ ਤੇ ਕੋਲ ਬੁਲਾ ਕੇ ਇੱਕ ਬੱਚੇ ਦਾ ਨਾਂ ਵੀ ਪੁੱਛਿਆ, ਸਾਹਿਬ ਨੇ। ਇਸ ਦੋ ਘੰਟੇ ਦੇ ਝਮੇਲੇ ਵਿੱਚ ਪਾਲ ਸਿੰਘ ਦੀ ਜੇਬ ਵਿੱਚ ਬੱਸ ਭਾਨ ਹੀ ਬਚੀ।

ਅਗਲੇ ਦਿਨ ਪਾਲ ਸਿੰਘ ਦਫਤਰ ਗਿਆ। ਜੇਬ ਖਾਲੀ ਹੋਣ ਦੇ ਬਾਵਜੂਦ ਵੀ ਉਹ ਉਤਸਾਹ ਵਿੱਚ ਸੀ। ਬਰਾਬਰ ਦੀ ਸੀਟ ਵਾਲੇ ਸਾਥੀ ਨੂੰ ਕੱਲ੍ਹ ਵਾਲੀ ਸਾਰੀ ਕਹਾਣੀ ਸੁਣਾਈ। ਬਰਾਬਰ ਵਾਲੇ ਨੇ ਆਪਣੇ ਨਾਲ ਵਾਲੇ ਨੂੰ ਦੱਸਿਆ। ਸੁੱਖਸਾਂਦ ਪੁੱਛਣ ਦੇ ਬਹਾਨੇ ਚਮਚੇ ਲੋਕ ਸਾਹਿਬ ਦੇ ਕੋਲ ਪਹੁੰਚ ਗਏ।
" ਕਿਸਨੇ ਦੱਸਿਆ ਤੁਹਾਨੂੰ ? "
' ਸਰ, ਉਹ ਮਿਸਟਰ ਪਾਲ ਸਿੰਘ ਹੈ ਨਾ .. ਰਿਕਾਰਡ ਸੈਕਸਨ ਵਿੱਚ!' ਥੋੜੀ ਦੇਰ ਬਾਅਦ ਪਾਲ ਸਿੰਘ ਦੇ ਅੰਡੇਮਾਨ ਨਿਕੋਬਾਰ ਦੀ ਬਦਲੀ ਦੇ ਆਦੇਸ ਆ ਧਮਕੇ।

## ਪੜ੍ਹ ਲਿਖ ਪਰਮ ਗਿਆਨੀ ਬਣ ਜਾ



ਪਰਮਿੰਦਰ ਭੁੱਲਰ
9463067430

ਪੜ੍ਹ ਲਿਖ ਪਰਮ ਗਿਆਨੀ ਬਣ ਜਾ
ਬੀਬਾ ਤੂੰ ਵਿਗਿਆਨੀ ਬਣ ਜਾ
ਭਰਮ ਦੇ ਪਰਦੇ ਸਾਰੇ ਲਾਹਦੇ
ਸੱਚ ਦੇ ਵਾਂਗ ਲਾਸਾਨੀ ਬਣ ਜਾ..
ਪੜ੍ਹ ਲਿਖ ਪਰਮ ਗਿਆਨੀ ਬਣ ਜਾ
ਬੀਬਾ ਤੂੰ ਵਿਗਿਆਨੀ ਬਣ ਜਾ..
ਅੱਖਰਾਂ ਦੇ ਨਾਲ ਸਾਂਝ ਵਧਾ ਲੈ
ਸ਼ਬਦਾਂ ਨੂੰ ਚੁੱਕ ਗਲ ਨਾਲ ਲਾ ਲੈ
ਅਰਥਾਂ ਨੂੰ ਉਂਗਲ ਨਾਲ ਲਾ ਕੇ
ਲਿਖਿਆ ਕਦੇ ਜੁਬਾਨੀ ਬਣ ਜਾ..
ਪੜ੍ਹ ਲਿਖ ਪਰਮ ਗਿਆਨੀ ਬਣ ਜਾ
ਬੀਬਾ ਤੂੰ ਵਿਗਿਆਨੀ ਬਣ ਜਾ..
ਤਰਕ ਦਲੀਲ ਦਾ ਸਾਥ ਨਾ ਛੱਡੀਂ
ਪਰ ਨਿਮਰਤਾ ਦਿਲੋਂ ਨਾ ਕੱਢੀਂ
ਮਿੱਠੇ ਬੋਲਾਂ ਦੀ ਵੰਡ ਸ਼ੀਰਨੀ
ਕਰਮਸ਼ੀਲ ਮਹਾਂਦਾਨੀ ਬਣ ਜਾ..
ਪੜ੍ਹ ਲਿਖ ਪਰਮ ਗਿਆਨੀ ਬਣ ਜਾ
ਬੀਬਾ ਤੂੰ ਵਿਗਿਆਨੀ ਬਣ ਜਾ..
ਸੋਚ ਰੱਖੀਂ ਅਸਮਾਨਾਂ ਵਰਗੀ
ਪਹੁੰਚ ਰੱਖੀਂ ਇਨਸਾਨਾਂ ਵਰਗੀ
ਰੱਖੀਂ ਆਕੜ ਭੁੱਲਰ ਵਰਗੀ
ਬੱਸ ਐਨਾ ਕੁ ਅਭਿਮਾਨੀ ਬਣ ਜਾ..
ਪੜ੍ਹ ਲਿਖ ਪਰਮ ਗਿਆਨੀ ਬਣ ਜਾ
ਬੀਬਾ ਤੂੰ ਵਿਗਿਆਨੀ ਬਣ ਜਾ..

## ਮਾਂ

ਮੇਰੇ ਸੁਣਨ ਦੇ ਵਿੱਚ ਹੀ ਆਇਆਂ ਮਾਂ
ਨਾਂ ਦੇਖਿਆਂ ਨਾਂ ਕਿਸੇ ਦਿਖਾਇਆ ਮਾਂ
ਮੈਂ ਝੱਟ ਪਹਿਚਾਣ ਲਊ ਜਦ ਕਿਧਰੋਂ
ਮੇਰੇ ਸਾਹਮਣੇ ਆਣ ਖਲੋਵੇਗਾ
ਜੇ ਰੱਬ ਹੋਇਆਂ ਇਸ ਦੁਨੀਆਂ ਤੇ
ਮਾਂ ਤੇਰੇ ਵਰਗਾ ਹੋਵੇਗਾ....
ਪੀੜਾਂ ਸਹਿ ਕੇ ਮੈਨੂੰ ਜੰਮਣ ਦੀਆਂ
ਮਾਂ ਰੋਗ ਲਵਾ ਲਏ ਲੱਖਾਂ ਤੂੰ
ਜੇ ਬੁਖਾਰ ਵੀ ਮੈਨੂੰ ਚੜ੍ਹ ਜਾਂਦਾ
ਭਰ ਆਉਨੀ ਏ ਅੱਖਾਂ ਤੂੰ
ਮੇਰਾ ਰੋਮ ਰੋਮ ਕਰਜਾਈ ਤੇਰਾ
ਤੈਥੋਂ ਕੀ ਦਾਸ ਲਕੋਵੇਗਾ
ਜੇ ਰੱਬ ਹੋਇਆਂ ਇਸ ਦੁਨੀਆਂ ਤੇ
ਮਾਂ ਤੇਰੇ ਵਰਗਾ ਹੋਵੇਗਾ....
ਮੇਰੀ ਜਿ ?ਦਗੀ ਤੇਰੀ ਇਮਾਨਤ ਏ
ਭੁੱਲਿਆਂ ਨਾ ਕਦੇ ਭੁਲਾਵੇਗਾ
ਪ੍ਰੀਤ ਘੱਲਾਂ ਦਾ ਮਾਂ ਰਾਣੀ
ਤੈਨੂੰ ਗੀਤਾਂ ਦੇ ਵਿੱਚ ਗਾਵੇਗਾ
ਜੇ ਮਿਲੇ ਮੌਕਾ ਤੇ ਮੇਰੀ ਮਾਂ
ਤੇਰੇ ਭਾਰ ਦੁੱਖਾਂ ਦਾ ਢੋਵੇਗਾ
ਜੇ ਰੱਬ ਹੋਇਆਂ ਇਸ ਦੁਨੀਆਂ ਤੇ
ਮਾਂ ਤੇਰੇ ਵਰਗਾ ਹੋਵੇਗਾ....

ਪ੍ਰੀਤ ਘੱਲ ਕਲਾਂ (9814489287)

## ਨਿੱਘ



ਗੱਲ ਠੰਡ ਦੀ ਨੀ ',
ਨਾ ਕੰਬਲ ਦੀ ਐ,
ਸਿਫਤ ਤਾਂ ਮਾਲਕ ਮੇਰੇ ਦੇ,
ਮੋਹਭਿੱਜ ਪਿਆਰ ਦੇ ਨਿੱਘ ਦੀ ਐ,
ਪੁੱਤ ਸਕੇ ਵਾਂਗ ਜੋ ਦੁਲਾਰ ਗਿਆ,
ਧੁਰ ਅੰਦਰ ਤਾਈ 'ਹਿਰਦਾ ਠਾਰ ਗਿਆ।

ਨੀਲ ਕਮਲ ਰਾਣਾ ਦਿੜ੍ਹਬਾ (98151-71874)

## ਖੇਤਾਂ ਦਾ ਪੁੱਤ ਦਿੱਲੀ ਬੈਠਾ ....

ਖੇਤਾਂ ਦਾ ਪੁੱਤ ਦਿੱਲੀ ਬੈਠਾ ,
ਫਸਲਾਂ ਕੱਲਮ-ਕੱਲੀਆਂ ਨੇ ।
ਵੱਟਾਂ ਰੋਂਦੀਆਂ ਖੇਤ ਦੀਆਂ ,
ਤੇ ਬਾਗੀ ਹੋਈਆਂ ਬੱਲੀਆਂ ਨੇ ।

ਖਾਲ਼ਾ ਨੇ ਵੀ ਰੰਗ ਵਟਾ ਲਏ,
ਸੁੰਨੀਆਂ ਦਾਤੀਆਂ ਪੱਲੀਆਂ ਨੇ ।
ਬਲਦ ਵੀ ਹੁਣ ਗੁੰਮਸੁੰਮ ਨੇ ਰਹਿੰਦੇ,
ਨਾ ਟਣਕਦੀਆਂ ਗਲ ਟੱਲੀਆਂ ਨੇ ।
ਖੇਤਾਂ ਦਾ ਪੁੱਤ ਦਿੱਲੀ ਬੈਠਾ .....

ਨ੍ਹੇਰੀਆਂ ਨੇ ਹੈ ਆਣ ਘੇਰਿਆ,
ਹਾਕਮ ਨੇ ਜੋ ਘੱਲੀਆਂ ਨੇ ।
ਭੇਦ ਭਾਵ ਨੂੰ ਭੁੱਲ ਕੇ ਸਭ ਨੇ,
ਏਕੇ ਦੇ ਨਾਲ ਠੱਲੀਆਂ ਨੇ ।
ਖੇਤਾਂ ਦਾ ਪੁੱਤ ਦਿੱਲੀ ਬੈਠਾ .....

ਡੂੰਗੇ ਹੋਏ ਜਖਮ ਜੇ ਕੋਈ ਵੇਖੇ ਤਾਂ,
ਪੀੜਾਂ ਬੇ ਹਿਸਾਬ ਹੁਣ ਤੱਕ ਝੱਲੀਆਂ ਨੇ ।
ਅੰਨਦਾਤੇ ਦੀਆਂ ਖੁਸ਼ੀਆਂ ਦੇ ਲਈ,
ਭੁੱਚੋ ਵਾਲਿਆ ਮੁਹਿੰਮਾ ਚੱਲੀਆਂ ਨੇ।
ਖੇਤਾਂ ਦਾ ਪੁੱਤ ਦਿੱਲੀ ਬੈਠਾ .....

ਜਤਿੰਦਰ ਭੁੱਚੋ
9501475400



## 'ਪੈਰ' ਏਨਾ ਅਪਵਿੱਤਰ ਅੰਗ ਕਿਉਂ ?



ਕੁਲਦੀਪ ਨਿਆਜ
ਮੋ: 99143-63437

ਸਾਡੇ ਮਨ ਵਿੱਚ ਧਾਰਮਿਕ-ਗਹਿਰੀਆਂ ਦੀਆਂ ਪਰਤਾਂ ਉਹਲੇ 'ਪੈਰ' ਅਪਵਿੱਤਰ ਅੰਗ ਹਨ। ਅਸੀਂ ਉਹਨਾਂ ਪੈਰਾਂ ਦੀ ਧੂੜ ਬਨਣਾ ਤਾਂ ਜਰੂਰ ਲੋਚਦੇ ਹਾਂ ਜੋ ਕਿਸੇ ਧਾਰਮਿਕ ਸਥਾਨ ਵੱਲ ਜਾਂਦੇ ਹਨ ਪਰ ਕਿਸੇ ਧਾਰਮਿਕ ਸਥਾਨ ਵੱਲ ਪੈਰ ਕਰਨਾ ਅਸੀਂ ਗਲਤ ਸਮਝਦੇ ਹਾਂ। ਸਾਨੂੰ ਇਹ ਯਕੀਨ ਨਹੀਂ ਬੱਝਾ ਕਿ ਅੱਖਾਂ, ਹੱਥਾਂ, ਕੰਨਾਂ ਅਤੇ ਸਰੀਰ ਦੇ ਹੋਰ ਸਾਰੇ ਅੰਗਾਂ ਵਾਂਗ ਪੈਰ ਵੀ ਸਾਡਾ ਹੀ ਅੰਗ ਹਨ। ਸਰੀਰ ਦੇ ਹੋਰ ਅੰਗਾਂ ਵਾਂਗ ਹੀ ਕੀਮਤੀ ਵੀ। ਕਿਸੇ ਪਵਿੱਤਰ ਗੁਟਕੇ ਜਾਂ ਕਿਤਾਬ ਨਾਲ ਲੱਗੇ ਪੈਰ ਦੀ ਭੁੱਲ ਅਸੀਂ ਕਿਤਾਬ ਨੂੰ ਮੁੜ ਮੱਥੇ ਨਾਲ ਲਾ ਕੇ ਬਖਸਾਉਣ ਦੀ ਕੋਸਿ ?ਸ ਕਰਦੇ ਹਾਂ। ਜਿਨ੍ਹਾਂ ਪੈਰਾਂ ਸਹਾਰੇ ਚੱਲ ਕੇ ਅਸੀਂ ਦੁਨੀਆਂ ਦੀਆਂ ਸੈਕੜੇ-ਹਜਾਰਾਂ ਥਾਵਾਂ ਵੇਖਦੇ ਹਾਂ, ਉਹਨਾਂ ਨਿਗਾਵਾਂ ਵਿੱਚ ਹੀ ਪੈਰਾਂ ਦੀ ਅਜੇ ਤੱਕ ਕਦਰ ਨਹੀਂ ਉਪਜੀ। ਲੋਕ ਗੀਤਾਂ ਵਿੱਚ ਪੈਰਾਂ ਨੂੰ ਮੂੰਹ ਤੋਂ ਵੀ ਵੱਧ ਮਹੱਤਤਾ ਦਿੱਤੀ ਜਾਂਦੀ ਸੀ।

"ਪਹਿਲਾਂ ਚੁੰਮਾਂ ਪੈਰ ਤੇਰੇ ਯਾਰ
ਫੇਰ ਤੇਰਾ ਮੁੱਖ ਚੁੰਮਾਂ"

ਜਿਵੇਂ ਕਿ ਮਹਾਨ ਫਿਲਾਸਫਰ 'ਓਸੋ' ਦਾ ਕਹਿਣਾ ਹੈ ਕਿ "ਅਸੀਂ ਜਨਣ-ਇੰਦਰੀ ਨੂੰ ਕਦੇ ਵੀ ਆਪਣੇ ਸਰੀਰ ਦਾ ਹਰਮਨ-ਪਿਆਰਾ ਅੰਗ ਨਹੀਂ ਬਣਾਉਂਦੇ। ਅਸੀਂ ਬੁੱਢੇ ਹੋ ਜਾਂਦੇ ਹਾਂ ਪਰ ਓਦੋਂ ਤੱਕ ਵੀ ਸਾਡੇ ਮਨਾਂ 'ਚ ਜਨਣ-ਇੰਦਰੀ ਬਾਰੇ ਇੱਕ ਫਾਸਲਾ ਇੱਕ ਅਣ-ਖੋਲਿਆ-ਭੇਦ ਬਣਿਆ ਹੀ ਰਹਿੰਦਾ ਹੈ। ਇੱਕ ਬੱਚੇ ਨੂੰ ਅਸੀਂ ਹਮੇਸਾ ਜਨਣ-ਇੰਦਰੀ ਨੂੰ ਸਪਰਸ ਕਰਨੋ ਰੋਕਦੇ ਜਰੂਰ ਹਾਂ ਪਰ ਕਦੇ ਵੀ ਉਸਨੂੰ ਉਸ ਬਾਰੇ ਸਮਝਾਉਂਦੇ ਨਹੀਂ। ਇਸ ਫਾਸਲੇ ਕਰਕੇ ਬੱਚੇ ਤੋਂ ਨੌਜਵਾਨ ਤੱਕ ਅਤੇ ਫਿਰ ਬਜੁਰਗ ਹੋਣ ਤੱਕ ਉਹ ਅਗਿਆਤ ਹੀ ਰਹਿੰਦਾ ਹੈ ਕਿਉਂਕਿ ਅਸੀਂ ਜਨਣ-ਇੰਦਰੀ ਨੂੰ ਸਰੀਰ ਦੇ ਬਾਕੀ ਅੰਗਾਂ ਵਾਂਗ ਕਬੂਲ ਹੀ ਨਹੀਂ ਕਰਦੇ"। ਇਹੀ ਭੇਦ-ਭਾਵ ਅਸੀਂ ਪੈਰਾਂ ਨਾਲ ਵੀ ਕਰਦੇ ਹਾਂ। ਪੈਰੀਂ ਹੱਥ ਲਾ ਕੇ ਨਿਮਰਤਾ ਦਾ ਅਹਿਸਾਸ ਜਗਾਉਣ ਵਾਲਾ ਅੰਗ ਵੀ ਪੈਰ ਹੀ ਹਨ। ਪੈਰਾਂ ਨੂੰ ਵੀ ਬਾਹਾਂ ਵਾਂਗ, ਬਾਹਾਂ 'ਚ ਲੈਣਾ ਚਾਹੀਦਾ ਹੈ। ਸਾਇਦ ਅਸੀਂ ਕਦੇ ਹੀ ਸੋਚਿਆ ਹੋਵੇ ਕਿ ਸਾਡੇ ਸਰੀਰ ਦੀ ਸੁਰੂਆਤ ਸਿਰ ਤੋਂ ਇਲਾਵਾ ਪੈਰਾਂ ਤੋਂ ਵੀ ਹੁੰਦੀ ਹੈ। ਪੈਰ ਹੀ ਸਾਡੀ ਤੋਰ ਨਿਸਚਿਤ ਕਰਦੇ ਹਨ ਅਤੇ ਤੋਰ ਹੀ ਸਾਡੀ ਸੋਚ ਪ੍ਰਗਟ ਕਰਦੀ ਹੈ। ਪੈਰਾਂ 'ਚ ਡਿੱਗੀ ਕੋਈ ਚੀਜ ਅਪਵਿੱਤਰ ਹੋ ਜਾਂਦੀ ਹੈ ਕਿਉਂਕਿ ਸਾਡੇ ਲਈ ਪੈਰ ਹੀ ਅਪਵਿੱਤਰ ਚੀਜ ਹਨ। ਪਰ ਕੁਦਰਤ ਦਾ ਕਣ-ਕਣ ਘਟ-ਘਟ ਇੱਕੋ ਜਿਹੀ ਚੀਜ ਹੈ। ਕੁਦਰਤ ਦਾ ਕਿਸੇ ਪਾਸੇ ਸਿਰ ਨਹੀਂ ਅਤੇ ਕਿਸੇ ਪਾਸੇ ਪੈਰ ਨਹੀਂ। ਇਸੇ ਤਰ੍ਹਾਂ ਸਾਡੇ ਪੈਰਾਂ 'ਚ ਡਿੱਗੀ ਚੀਜ ਕੁਦਰਤ ਦੇ ਕਣ 'ਚ ਡਿੱਗੀ ਹੈ। ਕੁਦਰਤ ਦਾ ਕੋਈ ਵੀ ਕਣ ਅਪਵਿੱਤਰ ਕਿਵੇਂ ਹੋ ਸਕਦਾ ਹੈ? ਸਵੇਰੇ ਨੰਗੇ ਪੈਰ ਗਿੱਲੇ ਘਾਹ 'ਤੇ ਸੈਰ ਕਰਨਾ ਸਾਡੇ ਸਰੀਰ ਦੀਆਂ ਕਿੰਨੀਆਂ ਬਿਮਾਰੀਆਂ ਦਾ ਖਾਤਮਾਂ ਕਰਦਾ ਹੈ। ਖੜੇ ਅਤੇ ਅੜੇ ਪੈਰ ਸਥਿਰ ਜਜਬੇ ਦੀ ਨਿਸਾਨੀ ਹੁੰਦੇ ਹਨ। ਕੋਈ ਵੀ ਬਲੀਦਾਨ ਜਾਂ ਕੁਰਬਾਨੀ ਅੜੇ ਪੈਰ ਅਤੇ ਸਥਿਰ ਜਜਬੇ ਬਿਨ੍ਹਾਂ ਨਹੀਂ ਹੋ ਸਕਦੀ। ਓਹੀ ਪੈਰ ਕਿਸੇ ਬਚਨ, ਇਰਾਦੇ, ਮੰਜਿ ?ਲ ਲਈ ਬਚਨ-ਬੱਧ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਸਾਰੇ ਧਰਮ, ਸਾਰੇ ਗ੍ਰੰਥ ਚਰਨੀ ਲੱਗਣ ਨੂੰ ਉਚਿਤ ਮੰਨਦੇ ਹਨ ਪਰ ਏਨੇ ਧਰਮ, ਏਨੇ ਗ੍ਰੰਥਾਂ ਬਾਵਜੂਦ ਅਸੀਂ ਚਰਨਾਂ ਨੂੰ ਅਪਵਿੱਤਰ ਹੀ ਮੰਨਦੇ ਹਾਂ। ਪੰਜਾਬੀਆਂ ਦੇ ਸੁਭਾਅ 'ਚ ਪੈਰ ਅੜਾ ਕੇ ਕਿਸੇ ਬਚਨ 'ਤੇ ਖਰਾ-ਉਤਰਨਾ ਅਤੇ ਪੰਜਾਬੀਆਂ ਦੀ ਮੜਕ ਨੂੰ ਦਰਸਾਉਂਦੀਆਂ ਕਈ ਕਹਾਵਤਾ ਹਨ ਜਿਵੇਂ ਕਿ :-

"ਤੁਰਨਾ ਮੜਕ ਦੇ ਨਾਲ
ਦੋ ਪੈਰ ਘੱਟ ਤੁਰਨਾ।"

ਜਾਂ

"ਸਾਡੇ ਤਾਂਗੇ ਨੇ ਮੜਕ ਨਾਲ ਤੁਰਨਾ
ਜੇ ਕਾਹਲੀ ਏ ਤਾਂ ਰੇਲ ਚੜਜਾ।"

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੈਰ ਸਾਡੇ ਸਰੀਰ ਦਾ ਅੱਤ ਜਰੂਰੀ ਅਤੇ ਅੱਤ ਨੇੜਲਾ ਅੰਗ ਹਨ। ਇਸਨੂੰ ਨਫਰਤ ਜਾਂ ਪਵਿੱਤਰ/ਅਪਵਿੱਤਰ ਦੀਆਂ ਪੁਰਾਣੀਆਂ ਐਨਕਾਂ ਲਾ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਇਹੀ ਸਮਝਣਾ ਚਾਹੀਦਾ ਹੈ ਕਿ ਪੈਰਾਂ ਨਾਲ ਲੱਗੀ ਜਾਂ ਪੈਰਾਂ 'ਚ ਡਿੱਗੀ ਕੋਈ ਵੀ ਚੀਜ ਅਪਵਿੱਤਰ ਨਹੀਂ ਹੋ ਜਾਂਦੀ।

## ਨਜ਼ਮ



ਬਲਦੇਵ ਕ੍ਰਿਸ਼ਨ ਸ਼ਰਮਾ

ਤੇਰੇ ਹੱਥੋਂ ਕਿਰਦਾ,ਮੈਂ ਜਾ ਰਿਹਾ ਹਾਂ ਦਿਨ-ਬ-ਦਿਨ,
ਅੱਖਾਂ ਦੇ ਸਾਮ੍ਹਣੇ ਹੀ ਧੋਖਾ,ਖਾ ਰਿਹਾ ਹਾਂ ਦਿਨ-ਬ-ਦਿਨ।

ਮਹਿਫਲ ਵਿੱਚ,ਤਨਹਾਈ ਦੇ ਬੜੇ ਹੀ ਰਾਗ ਔਖੇ ਨੇ,
ਹੌਸਲਾ ਰੱਖ ਫਿਰ ਵੀ,ਗਾ ਰਿਹਾ ਹਾਂ ਦਿਨ-ਬ-ਦਿਨ।

ਸੁਪਨੇ ਉਸਾਰੇ ਜੋ ਵੀ,ਮਹਿਲਾਂ ਦੇ ਚਿਣ ਚਿਣ,
ਆਪਣੇ ਹੀ ਹੱਥੀਂ ਹੁਣ,ਢਾਹ ਰਿਹਾ ਹਾਂ ਦਿਨ-ਬ-ਦਿਨ।

ਮੰਨਦਾ ਹਾਂ ਲੋਹਾ,ਬੇਤੋੜ ਤੇਰੇ ਜ਼ਹਿਰ ਦਾ,
ਮਿਕਦਾਰ ਹੁਣ ਇਸਦੀ,ਵਧਾ ਰਿਹਾ ਹਾਂ ਦਿਨ-ਬ-ਦਿਨ।

ਸਮੀਕਰਨ ਕਸੂਤੀ ਇਹ,ਸੰਤੁਲਨ ਗੁਆ ਰਹੀ,
ਮਿਟਾ ਰਿਹਾ ਹਾਂ ਲੀਕਾਂ,ਕਦੇ ਵਾਹ ਰਿਹਾ ਹਾਂ ਦਿਨ-ਬ-ਦਿਨ।

ਹਾਸ਼ੀਏ ਤੇ ਹੋਂਦ ਕਾਰਨ,ਕਿਨਾਰਾ ਹੋ ਜਾਂਦੈ ਲਾਜ਼ਮੀ,
ਬੱਸ ਚੁੱਪ-ਚਾਪ,ਕਦਮ ਖਿਸਕਾ ਰਿਹਾ ਹਾਂ ਦਿਨ-ਬ-ਦਿਨ।

ਬਹੁਤੇ ਲਾਡ ਲਡਾਏ,ਕਦੇ ਆਉਂਦੇ ਨਾ ਰਾਸ ਵੀ,
ਰੁਵਾਏ ਦਾ ਇਲਜ਼ਾਮ ਹੁਣ,ਲਵਾ ਰਿਹਾ ਹਾਂ ਦਿਨ-ਬ-ਦਿਨ।

ਤੇਰੇ ਹੱਥੋਂ ਕਿਰਦਾ,ਮੈਂ ਜਾ ਰਿਹਾ ਹਾਂ ਦਿਨ-ਬ-ਦਿਨ,
ਅੱਖਾਂ ਦੇ ਸਾਮ੍ਹਣੇ ਹੀ ਧੋਖਾ,ਖਾ ਰਿਹਾ ਹਾਂ ਦਿਨ-ਬ-ਦਿਨ।

## ਗੀਤ

ਚੰਨਾਂ ਮੱਤ ਤੇਰੀ ਨਸ਼ਿਆਂ ਨੇ ਮਾਰੀ ,
ਛੱਡ ਖਹਿੜਾ ਨਸ਼ਿਆਂ ਦਾ।
ਹੱਥ ਜੋੜ ਜੋੜ ਅੱਗੇ ਤੇਰੇ ਹਾਰੀ,
ਛੱਡ ਖਹਿੜਾ ਨਸ਼ਿਆਂ ਦਾ।
ਚੰਨਾ ਮੱਤ.........................
ਹੋ ਗਿਆ ਨਿਕੰਮਾ ਕੋਈ ਲਾਵੇ ਨਾ ਦਿਹਾੜੀ,
ਮੰਗ ਕੇ ਉਧਾਰ ਹੀ ਤੂੰ ਦਾਰੂ ਨਿੱਤ ਚਾੜ੍ਹੀ।
ਸਿਰ ਤੇ ਚੜ੍ਹ ਗਿਆ ਕਰਜਾ ਭਾਰੀ।
ਛੱਡ ਖਹਿੜਾ .............................
ਚੰਨਾ ਮੱਤ................................
ਲਾਲ ਸੂਹਾ ਰੰਗ ਮੇਰਾ ਹੋ ਗਿਆ ਏ ਪੀਲਾ,
ਤੂੰ ਵੀ ਪੀ, ਪੀ ਰਾਤ ਦਿਨ ਹੋ ਗਿਆ ਏਂ ਤੀਲਾ।
ਘਰ ਦੀ ਸਮਝੀ ਨਾ ਤੂੰ ਜਿੰਮੇਵਾਰੀ।
ਛੱਡ ਖਹਿੜਾ..........
ਚੰਨਾ ਮੱਤ............
ਯਾਰ ਬੇਲੀ ਤੇਰੇ ਵੀ ਤਾਂ ਦੱਸ ਕਿੱਥੋਂ ਚੰਗੇ,
ਆਏ ਦਿਨ ਪਾਈ ਜਾਣ ਨਿੱਤ ਨਵੇਂ ਪੰਗੇ।
ਲੋਕਾਂ ਲਾਹ ਦੇਣੀ ਚੜ੍ਹੀ ਜੋ ਖੁਮਾਰੀ।
ਛਡ ਖਹਿੜਾ........
ਚੰਨਾ ਮੱਤ...
ਮਾਪਿਆਂ ਨੂੰ ਦੱਸਿਆ ਸੀ ਸੋਫ਼ੀ ਤੇਰੇ ਬਾਰੇ,
ਮੈਨੂੰ ਕੀ ਪਤਾ ਸੀ ਤੂੰ ਵਿਖਾਉਂਣੇ ਕਦੀ ਤਾਰੇ।
ਤੇਰੀ ਬਾਦ ਵਿੱਚ ਪੋਲ ਖੁੱਲ੍ਹੀ ਸਾਰੀ।
ਛੱਡ ਖਹਿੜਾ............
ਚੰਨਾ ਮੱਤ.......
ਰੱਬਾ ਕਰ ਮਿਹਰਾਂ ਮੇਰੇ ਉੱਤੇ ਥੋੜੀਆਂ,
ਢੋਲ ਨੂੰ ਚੜ੍ਹਾ ਦੇ ਤਰੱਕੀ ਦੀਆਂ ਪੌੜੀਆਂ।
ਚੰਗੀ ਕਰ ਸਾਡੀ ਜਿੰਦਗੀ ਵਿਚਾਰੀ।
ਛੱਡੇ ਖਹਿੜਾ ਨਸ਼ਿਆਂ ਦਾ,
ਰੱਬਾ ਮੱਤ ਉਹਦੀ ਨਸ਼ਿਆਂ ਨੇ ਮਾਰੀ।

**ਬਿਸ਼ੰਬਰ ਅਵਾਂਖੀਆ,**
**ਮੋ-978182525**

## ਨਾ ਰੋਇਆ ਕਰ

ਨਾ ਰੋਇਆ ਕਰ, ਕੁਰਲਾਇਆ ਕਰ
ਨਾ ਬਹੁਤੇ ਤਰਲੇ ਪਾਇਆ ਕਰ
ਜੋ ਲਿਖੀ ਵਿਧਾਤਾ ਲੇਖਾਂ ਦੀ
ਤੂੰਕਹਿ ਕੇ ਗੱਲ ਮੁਕਾਇਆ ਕਰ
ਨਾ ਰੋਇਆ ਕਰ ਕੁਰਲਾਇਆ ਕਰ
ਨਾ ਬਹੁਤੇ ਤਰਲੇ ਪਾਇਆ ਕਰ
ਨਾ ਰੋਇਆ ਕਰ..............
ਐਸੀ ਤਾਣੀ ਇਹ ਦੁਨੀਆ ਦੀ
ਸੁਲਝਾਉਂਦੇ ਇਹਨੂੰ ਚਲੇ ਗਏ
ਨਾ ਰਾਸ ਬਹੁਤਿਆਂ ਆਈ ਏ
ਆਖਰ ਪਛਤਾਉਂਦੇ ਚਲੇ ਗਏ
ਦੋਸ ਘੜੀਆਂ ਬਹਿ ਕੇ ਆਪਣੀ ਹੀ
ਤੂੰ ਰੂਹ ਨਾਲ ਮਨ ਪਰਚਾਇਟਾ ਕਰ
ਨਾ ਰੋਇਆ ਕਰ..............
ਜੇ ਖੁਸ਼ ਰਹਿਣਾ ਤੂੰ ਚਾਹੁੰਦੇ ਏ
ਨਾ ਰੀਸ ਕਿਸੇ ਦੀ ਕਰਿਆ ਕਰ
ਮਿਣ ਪਹਿਲੋਂ ਆਪਣੀ ਚਾਦਰ ਨੂੰ
ਫਿਰ ਪੈਰ ਓਸ 'ਤੇ ਧਰਿਆ ਕਰ।
ਸੱਚ ਆਖਾਂ ਸ਼ਾਂਤ ਜੇ ਰਹਿਣਾ ਕਿਸੇ,
ਬ੍ਰਿਛ ਦੀ ਛਾਂ ਬਹਿ ਜਾਇਆ ਕਰ
ਨਾ ਰੋਇਆ ਕਰ..............
ਇਹ ਦੁਨੀਆ ਮੇਲਾ ਕੋਈ ਦਿਨ ਦਾ,
ਨਾ ਬੈਠ ਕਿਸੇ ਨੇ ਰਹਿਣਾ ਏ
ਦੁਖ ਸੁਖ ਪਹਿਲੂ ਦੋ ਜ਼ਿੰਦਗੀ ਦੇ
ਇਨ੍ਹਾਂ ਸੱਜੇ ਖੱਬੇ ਰਹਿਣਾ ਏ
ਨਾ ਖੁਸ਼ੀ 'ਤੇ ਹੋਈ ਬੇਕਾਬੂ
ਨਾ ਦੁੱਖਾਂ ਵਿਚ ਘਬਰਾਇਆ ਕਰ
ਨਾ ਰੋਇਆ ਕਰ..............

**ਸਤਵੰਤ ਕੌਰ ਪੰਧੇਰ**

## ਜੋ ਰੱਬ ਦੀ ਰਜ਼ਾ ਵਿੱਚ ਨਾ ਰਹਿੰਦੇ

ਜੋ ਰੱਬ ਦੀ ਰਜ਼ਾ ਵਿੱਚ ਨਾ ਰਹਿੰਦੇ
ਬਸ ਮੈਂ ਹੀ ਮੈਂ ਅਖਵਾਉਂਦੇ ਨੇ
ਦਿਨ ਦੂਰ ਨਹੀਂ ਕਿ ਖੁਦ ਤੋਂ ਹੀ
ਅੱਖਾਂ ਇਕ ਦਿਨ ਚੁਰਾਉਂਦੇ ਨੇ,,
ਜੋ ਰੱਬ ਦੀ ਰਜ਼ਾ ਵਿੱਚ ਨਾ ਰਹਿੰਦੇ
ਜੋ ਪੈਰ ਨਾ ਧਰਤ ਟਿਕਾਉਂਦੇ ਨੇ
ਵਿਚ ਉੱਡਦੇ ਸੱਤ ਅਸਮਾਨਾਂ ਦੇ,
ਵਿੱਚ ਹਵਾਵਾਂ ਟੇਕ ਨਹੀਂ ਮਿਲਦੀ
ਆਖਿਰ ਆ ਧਰਤੀਂ ਕਬਰ ਸਜਾਉਂਦੇ ਨੇ
ਜੋ ਰੱਬ ਦੀ ਰਜ਼ਾ ਵਿੱਚ ਨਾ ਰਹਿੰਦੇ
ਜੋ ਧੌਂਸ ਦਿਖਾਉਂਦੇ ਕਿ ਸਭ ਮੇਰਾ
ਸਭ ਤੇਰਾ ਹੈ ਨਾ ਆਇਆ ਕਹਿਣਾ ,
ਜਿੱਤ ਕੇ ਸਬ ਦੁਨਿਆਵੀ ਸ਼ੋਹਰਤਾਂ ਨੂੰ,
ਦੋ ਪਲ ਵਿੱਚ ਕੱਖ ਹੋ ਜਾਂਦੇ ਨੇ,,,,,
ਜੋ ਰੱਬ ਦੀ ਰਜ਼ਾ ਵਿੱਚ ਨਾ ਰਹਿੰਦੇ .
ਮਿਲ ਜੁਲ ਕੇ ਕੱਟਣੀ ਪੈਂਦੀ ਹੈ,
ਜੋ ਬਹੁਤਾ ਅਹਮ ਕਮਾਉਂਦੇ ਨੇ,
ਦੂਜਿਆਂ ਨੂੰ ਵੱਡ ਵੱਡ ਖਾਂਦੇ ਨੇ,
ਜਦ ਰੱਬ ਦੇ ਮੁਹਰੇ ਜਾਂਦੇ ਨੇ
ਪੋਟਾ ਪੋਟਾ ਟੁੰਬਿਆਂ ਜਾਣਾ ਹੈ,
ਜੋ ਰੱਬ ਦੀ ਰਜ਼ਾ ਵਿੱਚ ਨਾ ਰਹਿੰਦੇ

**ਰਿੱਤੂ ਮਿੱਤੂ**
**ਗੁੱਜਰਖਾਨ ਕੈਂਪਸ ਲੁਧਿਆਣਾ**

## ਸੁਖੀ ਵੱਸਣ ਬਜ਼ੁਰਗ ਸਾਡੇ

**ਹਰਪਰੀਤ ਕੌਰ**
**+604-442-7619**



ਵੱਸਣ ਸੁਖੀ ਬਜੁਰਗ ਸਾਡੇ,ਠੰਡੀਆ ਜਿਨ੍ਹਾਂ ਦੀਆਂ ਛਾਵਾਂ,
ਹੱਥ ਜੋੜ ਕੇ ਕਰਾਂ ਬੇਨਤੀ,ਮੰਗਾ ਸਦਾ ਦੁਆਵਾਂ।
ਪੋਤੇ ਪੋਤੀਆਂ ਤੋਂ ਜਾਨ ਵਾਰਨ,ਰੱਬ ਵਰਗਾ ਇਨਾਂ ਦਾ ਸਹਾਰਾ,
ਭੁੱਲ ਕੇ ਕਦੇ ਦੂਰ ਕਰਿਓ ਨਾਂ,ਕਹਿੰਦਾ ਏ ਜੱਗ ਸਾਰਾ।
ਪੈਰਾਂ ਨੂੰ ਹੱਥ ਲਾ ਕੇ ਇਨ੍ਹਾ ਦੇ,ਅੱਗੋਂ ਮਿਲਣ ਲੱਖ ਦੁਆਵਾਂ।
ਸੱਚ ਗੱਲ ਹੈ ਕੌੜੀ ਲੱਗਦੀ,ਕਦੇ ਨਾ ਬੁਰਾ ਮਨਾਇਓ,
ਜਿਉਂਦੇ ਜੀਅ ਕਰਿਓ ਸੇਵਾ,ਨਾ ਪਿੱਛੋ ਤੋਂ ਪਛਤਾਇਓ।
ਕੁੱਝ ਪਲ ਸਾਂਝੇ ਕਰ ਲੋ ਬਸ,ਨਾ ਇਨ੍ਹਾਂ ਦੀਆਂ ਵੱਡੀਆਂ ਹੋਰ ਇੱਛਾਵਾਂ।
ਦੁਨੀਆ ਦਾਰੀ ਚਲਦੀ ਰਹਿਣੀ,ਸਭ ਦੀ ਆਉਣੀ ਵਾਰੀ ਐ,
ਇਨਾਂ ਮਗਰੋਂ ਆਪਾਂ ਨੂੰ ਵੀ ਖਿੱਚਣੀ ਪੈਣੀ ਤਿਆਰੀ ਐ।
ਜੱਗਦੇ ਰਹਿਣ ਸਦਾ ਹੀ ਦੀਵੇ,ਨਾ ਬੁੱਝਣ ਵਿੱਚ ਹਵਾਵਾਂ।
ਬਜੁਰਗ ਤਾਂ ਹੁੰਦੇ ਘਰ ਦੇ ਜਿੰਦੇ,ਸੱਚ ਸਿਆਣੇ ਕਹਿੰਦੇ,
ਇਹਨਾਂ ਦੇ ਸਿਰ ਤੇ ਹੋਵਣ ਮੌਜਾ,ਨਾ ਫਿਕਰ ਘਰਾਂ ਦੇ ਰਹਿੰਦੇ।
ਤੱਤੀ ਵਾਹ ਨਾ ਲੱਗੇ ਇਨਾਂ ਨੂੰ,ਹਰਪਰੀਤ ਮੰਗਦੀ ਰਹੇ ਦੁਆਵਾਂ।

## ਮਾਂ

ਵਿੱਚ ਹਨੇਰੇ ਜੀਵਨ ਗੁਜ਼ਰੇ ਰੋਵੇ ਤੇ ਕੁਰਲਾਵੇ ਮਾਏ।
ਗਰਮ ਹਵਾਵਾਂ ਚੱਲਣ ਜਦ ਵੀ ਤੇਰਾ ਚੇਤਾ ਆਵੇ ਮਾਏ।
ਜਿਸ ਮਾਲੀ ਦੇ ਹੱਥੀ ਦੇ ਕੇ ਫੁੱਲ ਜਿਗਰ ਦਾ ਤੁਰਗੀ ਤੂੰ ਜੋ,
ਉਹ ਮਾਲੀ ਨਾ ਬਾਗ 'ਚ ਆਵੇ ਪਾਣੀ ਵੀ ਨਾ ਲਾਵੇ ਮਾਏ।
ਕੰਮਾਂ ਕਾਰਾਂ ਤੋਂ ਜਦ ਹਫਿਆ ਹਫਿਆ ਘਰ ਨੂੰ ਆਵਾਂ ਮਾਏ,
ਵਿੱਚ ਤਣਾਵਾਂ ਨੀਂਦਰ ਰੁੱਸੇ ਲੋਰੀ ਕੌਣ ਸੁਣਾਵੇ ਮਾਏ।
ਉੱਚਾ ਮੇਰਾ ਘਰ ਮਾਏ ਤੇ ਚੰਗਾ ਖਾਣਾ ਬਣਦਾ ਏ ਹੁਣ,
ਪਰ ਏ ਖਾਣਾ ਤੇਰੇ ਬਾਝੋਂ ਕਿੱਥੇ ਭੁੱਖ ਮਿਟਾਵੇ ਮਾਏ।
ਕਰਮਾਂ ਵਾਲੇ ਲੋਕੀ ਨੇ ਉਹ ਜਿਹਨਾਂ ਦੇ ਸਿਰ ਤੇ ਮਾਵਾਂ ਨੇ,
ਮੈਨੂੰ ਗਿਰਦੇ ਨੂੰ ਹੁਣ ਦੱਸੀ ਕਿਹੜਾ ਅੱਜ ਬਚਾਵੇ ਮਾਏ।
ਜੱਗ ਚ ਏਨੇ ਲੋਕੀ ਮਿਲਦੇ ਸ਼ਕਲੋਂ ਜੋ ਅਣਜਾਣ ਬਹੁਤ ਨੇ,
ਨਜਰਾਂ ਤੈਨੂੰ ਲੱਭਣ ਥਾਂ ਥਾਂ ਪਲ ਪਲ ਏ ਪਥਰਾਵੇ ਮਾਏ।
ਕਿਹੜੇ ਦੇਸ਼ ਚ ਬੈਠੀ ਏਂ ਤੂੰ ਜਾਂ ਅਸਮਾਨੀ ਤਾਰਾ ਏਂ ਤੂੰ,
ਕਿੱਥੇ ਤੇਰੇ ਥੌਹ ਠਿਕਾਣੇ ਕਿੱਥੇ ਨੇ ਸਿਰਨਾਵੇਂ ਮਾਏ।
ਲੋੜਾਂ ਵੇਲੇ ਮਿਲਦੇ ਨੇ ਸਭ ਮਿੱਤਰ ਸਾਕ ਸਬੰਧੀ ਮਾਏ,
ਮੇਰੇ ਡੂੰਘੇ ਜਖ਼ਮਾਂ ਤੇ ਪਰ ਕਿਹੜਾ ਮਲ੍ਹਮ ਲਗਾਵੇ ਮਾਏ।
ਗੁਜ਼ਰ ਗਏ ਨੇ ਸਾਲ ਬਥੇਰੇ ਜਦ ਦੀ ਮਾਂ ਮੈਥੋਂ ਦੂਰ ਗਈ,
ਜਦ ਵੀ ਫੜਦਾ ਕਲਮ ਬਿਸ਼ੰਬਰ ਤੇਰੀ ਯਾਦ ਸਤਾਵੇ ਮਾਏ।

**ਬਿਸ਼ੰਬਰ ਅਵਾਂਖੀਆ, ਮੋ-978182525**
**ਜਿਲ੍ਹਾ ਗੁਰਦਾਸਪੁਰ**

## ਗਜ਼ਲ

ਰੰਬੀਆਂ, ਆਰੇ, ਤੇ ਚਰਖੜੀਆਂ ਭੁੱਲ ਗਏ ਆਂ
ਭੁੱਲ ਗਏ ਅਸੀਂ ਕੱਚੀਆਂ ਗੜੀਆਂ ਭੁੱਲ ਗਏ ਆਂ
ਸਵਾ ਲੱਖ ਨਾਲ ਇੱਕ ਲੜਾਇਆ ਗੋਬਿੰਦ ਨੇ
ਨੀਹਾਂ ਵਿਚ ਦੋ ਜਿੰਦਾਂ ਖੜੀਆਂ, ਭੁੱਲ ਗਏ ਆਂ
ਜਮ ਜਮ ਚੇਤੇ ਰੱਖੋ ਸੱਸੀਆਂ, ਹੀਰਾਂ, ਪਰ
ਕੌਮ ਲਈ ਜੋ ਧੀਆਂ ਲੜੀਆਂ, ਭੁਲ ਗਏ ਆਂ
ਭਗਤ, ਸਰਾਭੇ, ਉਧਮ ਵਰਗੀਆਂ ਜਿੰਦਾਂ ਜੋ,
ਆਜ਼ਾਦੀ ਲਈ ਫਾਂਸੀਆਂ ਚੜੀਆਂ, ਭੁੱਲ ਗਏ ਆਂ
ਕਿੰਨਾ ਸਾਹਿਤ ਖਜ਼ਾਨਾ ਤੇ ਅਨਮੋਲ ਜਿੰਦਾਂ
ਸਰਸਾ ਦੇ ਪਾਣੀ ਵਿਚ ਹੜੀਆਂ, ਭੁੱਲ ਗਏ ਆਂ
ਵੱਟ ਜਾਂਦੇ ਹਾਂ ਪਾਸਾ ਵੇਖ ਕੇ ਜ਼ੁਲਮੀ ਨੂੰ
ਬਾਜਾਂ ਦੇ ਸੰਗ ਚਿੜੀਆਂ ਲੜੀਆਂ, ਭੁਲ ਗਏ ਆਂ
ਅਮਨ ਅਮਾਨ ਦੀ ਨਾਅਰੇਬਾਜ਼ੀ ਯਾਦ ਹੈ, ਬਸ
ਅਮਨ ਲਈ ਜਿਸ ਜੰਗਾਂ ਲੜੀਆਂ, ਭੁਲ ਗਏ ਆਂ
ਅੱਜ ਵੀ ਧਰਮ ਦੇ ਨਾਂ ਤੇ ਖੂਨ ਵਹਾਉਂਦੇ ਹਾਂ
ਸੰਤਾਲ਼ੀ ਦੀਆਂ ਖੂਨੀ ਘੜੀਆਂ, ਭੁੱਲ ਗਏ ਆਂ
ਏਕੇ ਦਾ ਜੋ ਦੀਪ ਜਗਾਇਆ ਗੁਰੂਆਂ ਨੇ
ਸਾਂਝ ਦੀਆਂ ਜੋ ਗੱਲਾਂ ਪੜ੍ਹੀਆਂ, ਭੁੱਲ ਗਏ ਆਂ
ਸੋਚ ਮਰੀ ਤਾਂ ਮਰ ਜਾਵਾਂਗੇ ਨਾਲ ਅਸੀਂ
ਇਲਮ ਦੀਆਂ ਜੋ ਪੋਥੀਆਂ ਪੜ੍ਹੀਆਂ, ਭੁਲ ਗਏ ਆਂ
'ਕੰਵਲ' ਜ਼ਮਾਨੇ ਨਾਲ ਬੜਾ ਟਕਰਾਏ, ਪਰ
ਉਲਟ ਹਵਾ ਦੇ ਜਿੰਦਾਂ ਖੜੀਆਂ, ਭੁੱਲ ਗਏ ਹਾਂ

**ਕੁਲਵਿੰਦਰ ' ਕੰਵਲ**
**ਸੁਲਤਾਨਪੁਰ ਲੋਧੀ**

## ×ਵੋਟਰਾਂ ਨੂੰ ਅਪੀਲ ×

ਵੋਟ ਜ਼ਰੂਰੀ, ਸਾਰੇ ਪਾਇਓ, ਚਾਰ ਫਰਵਰੀ ਨੂੰ।
ਅਪਣਾ-ਅਪਣਾ ਫ਼ਰਜ ਨਿਭਾਇਓ, ਚਾਰ ਫਰਵਰੀ ਨੂੰ।
ਨੋਟਾਂ ਬਦਲੇ ਵੋਟ ਜੋ ਮੰਗਦੇ ਫਿਰਦੇ ਗਲੀ-ਗਲੀ,
ਐਸੇ ਆਗੂ ਪਾਰ ਬੁਲਾਇਓ, ਚਾਰ ਫਰਵਰੀ ਨੂੰ।
ਧਰਮਾਂ, ਮਜ਼੍ਹਬਾਂ, ਜਾਤਾਂ ਦੇ ਨਾਂ, ਵੋਟ ਜੋ ਮੰਗਦੇ ਨੇ,
ਉਹਨਾਂ ਨੂੰ ਵੀ ਵੋਟ ਨਾ ਪਾਇਓ, ਚਾਰ ਫਰਵਰੀ ਨੂੰ।
ਠੱਗ ਲੁਟੇਰੇ, ਵਿਹਲੜ, ਚੌਧਰ ਮਾਰੇ, ਘੁੰਮ ਰਹੇ,
ਕਿੱਧਰੇ ਧੱਕੇ ਨਾ ਚੜ੍ਹ ਜਾਇਓ, ਚਾਰ ਫਰਵਰੀ ਨੂੰ।
ਉਂਗਲੀ ਉੱਪਰ ਕਾਲੀ ਸਿਆਹੀ ਨੂੰ ਲਗਵਾ ਕੇ ਤੇ,
ਵਿੱਚ ਪੰਜਾਬੋਂ ਨ੍ਹੇਰ ਭਜਾਇਓ, ਚਾਰ ਫਰਵਰੀ ਨੂੰ।
ਚਾਰ-ਚੁਫੇਰੇ ਖੁਸ਼ਹਾਲੀ ਹੀ ਖੁਸ਼ਹਾਲੀ ਖ਼ਾਤਿਰ,
ਸੱਚੀ-ਸੁੱਚੀ ਕਿਰਤ ਕਮਾਇਓ, ਚਾਰ ਫਰਵਰੀ ਨੂੰ।
ਕੁੱਲੀ, ਗੁੱਲੀ, ਜੁੱਲੀ, ਹੋਵੇ ਹਰ ਇੱਕ ਬੰਦੇ ਲਈ,
ਏਹੋ ਸੋਚ ਕੇ ਬਟਨ ਦਬਾਇਓ, ਚਾਰ ਫਰਵਰੀ ਨੂੰ।
ਚੱਟੇ-ਵੱਟੇ ਜਾਪਣ ਸਾਰੇ ਜੇ ਇੱਕ ਥਾਲੀ ਦੇ,
ਫੇਰ ਤੁਸੀਂ 'ਨੋਟਾ' ਦੱਬ ਆਇਓ, ਚਾਰ ਫਰਵਰੀ ਨੂੰ।
ਲੋਕਾਂ ਦਾ ਇਹ ਤੰਤਰ ਹੈ ਤੇ ਜਿੱਤ ਵੀ ਲੋਕਾਂ ਦੀ,
ਲੋਕ ਪੱਖੀ ਇੱਕ ਲਹਿਰ ਚਲਾਇਓ, ਚਾਰ ਫਰਵਰੀ ਨੂੰ।
ਪੀਲ-ਪਲੱਤਣ ਸੋਨ ਚਿੜੀ ਤੋਂ 'ਤਾਰ ਦਿਓ ਸਾਰੀ,
ਤੁਸੀਂ ਪੰਜਾਬ ਨੂੰ ਖ਼ੁਦ ਰੁਸ਼ਨਾਇਓ, ਚਾਰ ਫਰਵਰੀ ਨੂੰ।

**ਪਾਲੀ ਖ਼ਾਦਿਮ**
**9914310063**

## ਲੋਕਾਂ ਦੀ ਸਰਕਾਰ

ਮਿਲਿਆ ਵੋਟ ਦਾ ਅਧਿਕਾਰ ਹੈ,
ਚੁਣਨੀ ਖੁਦ ਦੀ ਸਰਕਾਰ ਹੈ।
ਵੋਟ ਪਾਉਣੀ ਹੈ ਦੇਸ਼ ਭਗਤ ਨੂੰ,
ਪਰਖਣਾ ਨਹੀਂ ਬਗਲੇ ਭਗਤ ਨੂੰ।
ਕਈ ਲਾਰਿਆ ਨੇ ਭਰਮਾ ਲੈਣੇ ,
ਸਬਜਬਾਗ ਇਨ੍ਹਾਂ ਨੂੰ ਵਿਖਾ ਦੇਣੇ।
ਲੋਕੀ ਲੀਡਰਾਂ ਨੇ ਭੜਕਾਅ ਦੇਣੇ,
ਘਰ-ਘਰ ਧੜੇ ਇਨ੍ਹਾਂ ਬਣਾ ਦੇਣੇ।
ਕੁਝ ਦਾ ਕਹਿਣਾ, ਕੀ ਹੈ ਲੈਣਾ ?
ਕੋਈ ਆਵੇ-ਜਾਵੇ ਫ਼ਰਕ ਨਹੀਂ ਪੈਣਾ।
ਕੁਝ ਵੇਚ ਦਿੰਦੇ ਨੇ ਜਮੀਰਾਂ ਨੂੰ,
ਦੂਰੋ ਕਰਦੇ ਸਲਾਮਾ ਅਮੀਰਾਂ ਨੂੰ।
ਦੋ-ਚਾਰ ਦਿਨ ਮੌਜਾਂ ਉਡਾ ਲੈਣੀਆ,
ਜਮੀਰਾਂ ਵੇਚ ਕੇ ਵੋਟਾਂ ਪਾ ਦੇਣੀਆਂ।
ਕਿਸੇ ਨੇ ਜਾਤ-ਧਰਮ ਦੇ ਨਾਂ ਪਾ ਦੇਣੀ ,
ਜਾਂ ਫਿਰ ਲਿਹਾਜੂ ਦੇ ਨਾਂ ਲਾ ਦੇਣੀ।
ਇੰਞ ਸੱਚ ਦੀ ਗਿਣਤੀ ਘੱਟ ਜਾਣੀ ,
ਝੂਠੇ ਦੀ ਬੇੜ੍ਹੀ ਯਾਰੋ ਤਰ ਜਾਣੀ।
ਲੋਕਾਂ ਦੀ ਚੁਣੀ ਸਰਕਾਰ ਬਣ ਜਾਣੀ ,
ਵੋਟਾਂ ਰਾਹੀਂ ਚੁਣੀ ਸਰਕਾਰ ਬਣ ਜਾਣੀ।

**ਮਨਦੀਪ ਗਿੱਲ ਧੜਾਕ**
**9988111134**

## .ਗਜ਼ਲ
### ਵੋਟਾਂ ਆ ਗਈਆਂ

ਪਈ ਦਮਾਮੀ ਚੋਟ ਕਿ ਵੋਟਾਂ ਆ ਗਈਆਂ ।
ਕਰ ਬਿਗੜੇ ਕੰਮ ਲੋਟ ਕਿ ਵੋਟਾਂ ਆ ਗਈਆਂ ।
ਵੋਟ ਆਪਦੀ ਲਾਰੇ ਲਾਓ ਸਭਨਾਂ ਨੂੰ ,
ਕਰ ਲੋ ਕੱਠੇ ਨੋਟ ਕਿ ਵੋਟਾਂ ਆ ਗਈਆਂ ।
ਇਸ ਮੌਸਮ ਵਿਚ ਉਹ ਸਿੱਕੇ ਵੱਧ ਚਲਦੇ ਨੇ ,
ਜਿਹਨਾਂ ਵਿਚ ਵੱਧ ਖੋਟ ਕਿ ਵੋਟਾਂ ਆ ਗਈਆਂ ।
ਲੋਕੀ ਸਫ਼ਲ ਜੁਗਾੜੂ ਉਸ ਨੂੰ ਕਹਿੰਦੇ ਨੇ ,
ਸਭ ਨੂੰ ਲਵੇ ਭਰੋਟ ਕਿ ਵੋਟਾਂ ਆ ਗਈਆਂ ।
ਗੁਪਤ ਏਜੰਡਾ ਸਾਡਾ ਹੁਣ ਤੋਂ ਆਉ ਨਾ ,
ਸਭ ਨਸ਼ਿਆਂ ਦੀ ਤੋਟ ਕਿ ਵੋਟਾਂ ਆ ਗਈਆਂ ।
ਬਾਪ ਗਧੇ ਨੂੰ ਕਹਿਣ 'ਚ ਕੋਈ ਸ਼ਰਮ ਨਹੀ ,
ਕੰਮ ਆ ਜਾਏ ਲੋਟ ਕਿ ਵੋਟਾਂ ਆ ਗਈਆਂ ।
ਕੇਵਲ ਵੇਖ ਤਮਾਸ਼ਾ ਨੇਤਾ ਬੁੱਲ੍ਹਾਂ ਨਾਲ ,
ਭੰਨਣਗੇ ਅਖਰੋਟ ਕਿ ਵੋਟਾਂ ਆ ਗਈਆਂ ।।

**( ਕੇਵਲ ਸਿੰਘ ਨਿਰਦੋਸ਼ )**

## ਮੰਗਤੇ ਵੋਟਾਂ ਦੇ

**ਮਨਦੀਪ ਗਿੱਲ ਧੜਾਕ**
**9988111134**




ਮੰਗਤਿਆ ਦੇ ਘਰ ਵੀ ਆਉਣਗੇ ਮੰਗਤੇ ਵੋਟਾਂ ਦੇ ,
ਝੋਲੀ ਅੱਡ ਕੇ ਫੇਰੀਆਂ ਪਾਉਣਗੇ ਮੰਗਤੇ ਵੋਟਾਂ ਦੇ ।
ਘੁੰਮਣ ਜੋ ਲਾਲ ਬੱਤੀਆ ਤੇ ਏ.ਸੀ. ਗੱਡੀਆਂ 'ਚ ,
ਓਪਨ ਜੀਪਾ 'ਚ ਹੱਥ ਹਿਲਾਉਣਗੇ ਮੰਗਤੇ ਵੋਟਾਂ ਦੇ ।
ਜੋ ਦਿਖਦੇ ਰਾਜੇ-ਮਹਾਰਾਜੇ ਤੁਰਨ ਨਾਲ ਵਾਜੇ-ਗਾਜੇ ,
ਸਭ ਨਾਲ ਹੱਥ ਫਿਰ ਮਿਲਾਉਣਗੇ ਮੰਗਤੇ ਵੋਟਾਂ ਦੇ ।
ਰੈਲੀਆਂ ' ਚ ਝੂਠੇ ਲਾਰੇ ਲਾ ਕੇ ਤੇ ਜੁਮਲੇ ਸੁਣਾ ਕੇ ,
ਦੇਖੀ ਫੇਰ ਵੋਟਰਾਂ ਨੂੰ ਭਰਮਾਉਣਗੇ ਮੰਗਤੇ ਵੋਟਾਂ ਦੇ
ਲਗੇਗੀ ਬੋਲੀ ਕੁਝ ਨਾ ਸਮਝ, ਬੇਵਕੂਫ ਵੋਟਰਾਂ ਦੀ ,
ਫਰੀ 'ਚ ਹਰ ਨਸ਼ਾਂ ਵਰਤਾਉਣਗੇ ਮੰਗਤੇ ਵੋਟਾਂ ਦੇ ।
ਮਿਲ ਜਾਣ ਵੋਟਾਂ, ਪੰਜ ਸਾਲ ਫਿਰ ਮੌਜਾਂ ਹੀ ਮੌਜਾਂ ,
ਫਿਰ ਮਨ ਦੀ ਬਾਤ ਸੁਣਾਉਣਗੇ ਮੰਗਤੇ ਵੋਟਾਂ ਦੇ ।

## "ਸੱਚ ਬਾਣੀ"

ਜਿੱਥੇ ਬਾਣੀ ਨੂੰ ਲਗਦੀਆਂ ਅੱਗਾਂ ਨੇ,
ਸ਼ਰੇਆਮ ਉਤਰਦੀਆਂ ਪੱਗਾਂ ਨੇ,
ਜਿਹਨੂੰ ਲੁੱਟ ਕੇ ਖਾਧਾ ਠੱਗਾਂ ਨੇ,
ਇਹ ਓਹ ਪੰਜਾਬ ਨਹੀਂ ਹੋ ਸਕਦਾ !!
ਇਹ ਓਹ ਪੰਜਾਬ ਨਹੀਂ ਹੋ ਸਕਦਾ !!

ਜਿੱਥੇ ਹਾਅ ਮਾਰੀ ਏ ਖੇਤਾਂ ਨੇ,
ਸੋਨੇ ਦੇ ਭਾਅ ਹੋਈ ਰੇਤਾ ਏ,
ਤੇ ਚੋਰ ਜਿੱਥੋਂ ਦੇ ਨੇਤਾ ਨੇ,
ਇਹ ਓਹ ਪੰਜਾਬ ਨਹੀਂ ਹੋ ਸਕਦਾ !!
ਇਹ ਓਹ ਪੰਜਾਬ ਨਹੀਂ ਹੋ ਸਕਦਾ !!

ਤੰਗ ਕਰਜ਼ੇ ਵਾਲੀ ਸੱਟ ਕਰੇ,
ਧੱਕਾ ਆੜਤੀਏ ਦੀ ਹੱਟ ਕਰੇ,
ਖੁਦਕੁਸ਼ੀਆਂ ਜਿੱਥੇ ਜੱਟ ਕਰੇ,
ਇਹ ਓਹ ਪੰਜਾਬ ਨਹੀਂ ਹੋ ਸਕਦਾ !!
ਇਹ ਓਹ ਪੰਜਾਬ ਨਹੀਂ ਹੋ ਸਕਦਾ !!

ਜਿੱਥੇ ਕੁੱਖ ਵਿੱਚ ਧੀਆਂ ਮਰਦੀਆਂ ਨੇ,
ਕੁਝ ਬਲੀ ਦਾਜ ਦੀ ਚੜਦੀਆਂ ਨੇ,
ਕਈ ਹੱਕਾਂ ਖਾਤਿਰ ਲੜਦੀਆਂ ਨੇ,
ਇਹ ਓਹ ਪੰਜਾਬ ਨਹੀਂ ਹੋ ਸਕਦਾ !!
ਇਹ ਓਹ ਪੰਜਾਬ ਨਹੀਂ ਹੋ ਸਕਦਾ !!

ਜਿੱਥੇ ਘਰ ਘਰ ਬੇਰੋਜ਼ਗਾਰੀ ਏ,
ਨਸ਼ਿਆਂ ਨੇ ਜਵਾਨੀ ਮਾਰੀ ਏ,
ਜਾਬ ?ਰ ਦਾ ਜ਼ੁਲਮ ਵੀ ਭਾਰੀ ਏ,
ਇਹ ਓਹ ਪੰਜਾਬ ਨਹੀਂ ਹੋ ਸਕਦਾ !!
ਇਹ ਓਹ ਪੰਜਾਬ ਨਹੀਂ ਹੋ ਸਕਦਾ !!

ਜਿੱਥੇ ਗੰਦ ਗਾਇਆ ਹੈ ਗਾਇਕਾਂ ਨੇ,
ਲੱਚਰ ਲਿਖਿਆ ਹੈ ਨਾਲਾਇਕਾਂ ਨੇ,
ਦਿੱਤਾ ਝੂਠ ਦਾ ਸਾਥ ਹੈ ਨਾਇਕਾਂ ਨੇ,
ਇਹ ਓਹ ਪੰਜਾਬ ਨਹੀਂ ਹੋ ਸਕਦਾ !!
ਇਹ ਓਹ ਪੰਜਾਬ ਨਹੀਂ ਹੋ ਸਕਦਾ !!

"ਰਿੱਕੀ ਬਾਬਾ ਬਕਾਲਾ"
9876789062

## ਗੀਤ

ਆ ਗਈਆਂ ਨੇ ਫੇਰ ਵੋਟਾਂ ਦੋਸਤੋ,
ਦੇਸ਼ ਲੁੱਟਣੇ ਨੂੰ ਕੌਣ ਏ ਤਿਆਰ ।
ਕੀ ਨਸ਼ਾ ਪੱਤਾ ਏਸੇ ਤਰ੍ਹਾਂ ਵਿਕੇਗਾ,
ਪੈਣੀ ਕਿੰਨੀ ਏ ਗਰੀਬਾਂ ਨੂੰ ਮਾਰ।
ਆ ਗਈਆਂ
ਭਰ ਭਰ ਬੰਡਲ ਨੋਟਾਂ ਦੇ ਫੜਨੇ,
ਜਨਤਾ ਦੇ ਕੰਮ ਇਹਨਾ ਕਿੱਥੋਂ ਕਰਨੇ।
ਬਿਰਲਾ, ਅੰਬਾਨੀ ਵਰਗੇ ਲੋਕਾਂ ਨੇ,
ਲਾ ਦੇਣੇ ਨੇਤਾ ਫੇਰ ਪਾਣੀ ਭਰਨੇ।
ਖਾ ਜਾਣਾ ਦੇਸ਼ ਇਹਨਾ ਰਲ ਮਿਲ ਕੇ,
ਪਾ ਕੇ ਜਨਤਾ ਤੇ ਕਰਜੇ ਦਾ ਭਾਰ।
ਆ ਗਈਆਂ......................
ਮੰਦਰ, ਮਸੀਤਾਂ ਤੇ ਫਸਾਦ ਪਾਉਣੇ,
ਖੁਦ ਪੰਗੇ ਪਾ ਕੇ ਲੋਕੀ ਆਰੇ ਲਾਉਣੇ।
ਇੱਕ ਇੱਕ ਕਰਕੇ ਨੇ ਹੱਕ ਮਾਰਨੇ,
ਏਦਾਂ ਚੰਗੇ ਦਿਨ ਲੋਕਾਂ ਨੂੰ ਵਿਖਾਉਣੇ।
ਮਤ ਮਾਰ ਦੇਵੇ ਜੋ ਜਨਤਾ ਦੀ ਏਨੀ,
ਰੱਬਾ ਆਵੇ ਨਾ ਅਜਿਹੀ ਸਰਕਾਰ।
ਆ ਗਈਆਂ.......................
ਦੇਸ਼ ਵਿੱਚ ਮਸਲੇ ਅਜੇ ਵੀ ਭਾਰੀ ਏ,
ਭੁੱਖ ਮਰੀ, ਠੱਗੀ ਤੇ ਬੇਰੁਜ਼ਗਾਰੀ ਏ।
ਕਿੰਨੇ ਸਾਲ ਹੋਏ ਨੇ ਅਜ਼ਾਦ ਦੇਸ਼ ਨੂੰ,
ਕਰਮਾ ਦੀ ਮਾਰੀ ਫਲ਼ੀ ਨਾ ਕਿਆਰੀ ਏ।
ਆਖਦੇ ਨੇ ਦੇਸ਼ ਹੈ ਤਰੱਕੀ ਤੇ ਬੜਾ,
ਪਰ ਹੋ ਗਿਆ ਏ ਠੱਪ ਕਾਰੋਬਾਰ।
ਆ ਗਈਆਂ....................
ਮੰਨ ਲੋ ਬਿਸ਼ੰਬਰ ਦੀ ਬੇਨਤੀ ਜਰਾ,
ਕੋਈ ਨਈਓਂ ਨੇਤਾ ਏਥੇ ਸੋਨਾ ਖਰਾ।
ਭੁੱਲ ਜਾਣ ਛੇਤੀ ਏ ਕੌਲ ਤੇ ਕਰਾਰ,
ਆਦਤਾਂ ਦੇ ਵਿੱਚ ਸਾਰੇ ਇੱਕੋ ਨੇ ਭਰਾ।
ਹੱਥ ਜੋੜਨੇ ਤੇ ਨਾਲੇ ਪੈਰੀ ਪੈ ਜਾਣਾ,
ਉੱਤੋਂ ਦੇਣਗੇ ਗੱਲਾਂ ਦੇ ਨਾਲ ਚਾਰ।
ਆ ਗਈਆਂ....................

**ਬਿਸ਼ੰਬਰ ਅਵਾਂਖੀਆ, ਮੋ-9781825255**

## ਗਜ਼ਲ

ਲ਼ਫ਼ਜ਼ਾਂ ਦੇ ਦਰਿਆ ਵਿਚ ਗੋਤਾ ਲਾਉਣਾ ਬਾਕੀ ਏ
ਹਾਲੇ ਤੇ ਬੇਨਾਮ ਹਾਂ ਨਾਮ ਕਮਾਉਣਾ ਬਾਕੀ ਏ
ਅਣਜਾਣੇ ਰਾਹਾਂ ਦਾ ਪਾਂਧੀ ਟੁਰ ਜੋ ਦੂਰ ਗਿਆ
ਉਸ ਨਾ ਮੁੜਨਾ ,ਮਨ ਨੂੰ ਇਹ ਸਮਝਾਉਣਾ ਬਾਕੀ ਏ
ਰੀਝਾਂ ਨਾਲ ਖੁਣਾਇਆ ਜਿਹੜਾ ਦਿਲ ਦੀ ਤਖ਼ਤੀ ਤੇ
ਮਾਰ ਝਰੀਟਾਂ ਉਸਦਾ ਨਾਮ ਮਿਟਾਉਣਾ ਬਾਕੀ ਏ
ਬਹੁਤ ਰੁਲਾਇਆ ਨੈਣਾਂ ਨੂੰ ਇਸ ਪੀੜ ਪਰਾਗੇ ਨੇ
ਭੱਠੀ ਵਿਚ ਪਾ ਦਾਣਿਆਂ ਵਾਂਗ ਭੁਨਾਉਣਾ ਬਾਕੀ ਏ
ਖ਼ਰਬੂਜ਼ੇ ਨੂੰ ਵੇਖ ਕਿਵੇਂ ਖ਼ਰਬੂਜ਼ਾ ਵਟਦਾ ਏ
ਚਾੜ੍ਹ ਮੁਲੰਮਾ ਚਾਂਦੀ ਨੂੰ ਚਮਕਾਉਣਾ ਬਾਕੀ ਏ
ਇਹ ਦੁਨਿਆਵੀ ਰਿਸ਼ਤੇ ਨਾਤੇ ਮਿੱਠੇ ਕੀੜੇ ਨੇ
ਅਪਣੇ ਆਪ ਨੂੰ ਖ਼ੁਦ ਤੋਂ ਵਧ ਕੇ ਚਾਹੁੰਣਾ ਬਾਕੀ ਏ
ਕੀ ਹੋਇਆ ਜੇ ਰੁੱਸ ਬਹਾਰਾਂ ਮੁੱਖ ਭਵਾਇਆ ਏ
ਰੂਹ ਖਿੜ ਜਾਵੇ ਐਸਾ ਫੁੱਲ਼ ਖਿੜਾਉਣਾ ਬਾਕੀ ਏ

**ਰਾਜਵਿੰਦਰ "ਜਟਾਣਾ"**

## ਫਿਰ ਸਾਨੂੰ ਭਰਮਾਉਣ ਆ ਗਏ

ਫਿਰ ਸਾਨੂੰ ਭਰਮਾਉਣ ਆ ਗਏ
ਸੁਫਨੇ ਬੜੇ ਵਿਖਾਉਣ ਆ ਗਏ
ਪੰਜ ਸਾਲਾਂ ਦੇ ਜ਼ਖਮਾਂ ਉੱਤੇ,
ਅੱਜ ਮਲ੍ਹਮਾ ਲਾਉਣ ਆ ਗਏ
ਲਾਰਿਆ ਦਾ ਇੱਕ ਜਾਲ਼ ਵਿਛਾ ਕੇ,
ਫਿਰ ਸਾਨੂੰ ਫਸਾਉਣ ਆ ਗਏ
ਰਣਜੀਤ ਜਿਹਾ ਹੁਣ ਰਾਜ ਹੋਊਗਾ,
ਗੱਲ ਦੁਬਾਰਾ ਦੁਹਰਾਉਣ ਆ ਗਏ
ਰਾਜ ਨਹੀ ਬਸ ਸੇਵਾ ਕਰਨੀ,
ਝੂਠ ਦਾ ਮੀਂਹ ਵਰਸਾਉਣ ਆ ਗਏ
ਹਰ ਇਕ ਮਸਲਾ ਹੱਲ ਕਰਾਂਗੇ,
ਮਸਲਿਆ ਵਿੱਚ ਉਲਝਾਉਣ ਆ ਗਏ
ਸਮਝ ਗਈ ਏ ਜਨਤਾ ਵੀ ਕੁੱਝ-ਕੁੱਝ,
ਕਿ ਝੂਠਾ ਨੀਰ ਵਹਾਉਣ ਆ ਗਏ

**ਗੁਰਪ੍ਰੀਤ ਸਿੰਘ ਤੰਗੋਰੀ**
**9872010560**

# ਉਦੋਂ ਸਿਆਸਤ ਧਰਮ ਵਰਗੀ ਹੁੰਦੀ ਸੀ, ਅੱਜ ਧਰਮ ਸਿਆਸਤ ਵਰਗਾ ਹੋ ਗਿਆ ਹੈ

ਜਿਵੇਂ-ਜਿਵੇਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਤਿਵੇਂ-ਤਿਵੇਂ ਸੌੜੀ ਸਿਆਸਤ ਅਤੇ ਸੁਆਰਥ ਦੀ ਕੂਟਨੀਤੀ ਸਿਖਰਾਂ ਨੂੰ ਛੂੰਹਦੀ ਜਾ ਰਹੀ ਹੈ। ਪੰਜਾਬ ਦੇ ਸਾਰੇ ਸਿਆਸੀ ਦਲ ਮਿਸ਼ਨ-2017 ਨੂੰ ਸਰ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਹਨ। ਸੱਤਾ ਉਤੇ ਕਾਬਜ਼ ਹੋਣ ਲਈ ਨੈਤਿਕਤਾ, ਸਿਆਸੀ ਸੁਹਿਰਦਤਾ ਦੀ ਉਲੰਘਣਾ ਕਰਨ ਵਿਚ ਕਿਸੇ ਨੂੰ ਵੀ ਸ਼ਰਮ ਮਹਿਸੂਸ ਨਹੀਂ ਹੋ ਰਹੀ। ਸੱਭ ਪਾਰਟੀਆਂ ਵਿਚ 'ਆਇਆ ਰਾਮ-ਗਿਆ ਰਾਮ' ਵਾਲਾ ਸਿਆਸੀ ਸਭਿਆਚਾਰ ਪਨਪ ਰਿਹਾ ਹੈ। ਜਿਸ ਨੇਤਾ ਨੂੰ ਪਾਰਟੀ ਦਾ ਟਿਕਟ ਨਹੀਂ ਮਿਲਦਾ, ਉਹ ਵਿਦਰੋਹੀ ਹੋ ਕੇ, ਦੂਜੀ ਪਾਰਟੀ ਦੇ ਖ਼ੇਮੇ ਅੰਦਰ ਜਾਣ 'ਚ ਜ਼ਰਾ ਵੀ ਦੇਰੀ ਨਹੀਂ ਕਰਦਾ। ਦਲ ਬਦਲੀ ਦਾ ਰੁਝਾਨ ਇਸ ਵਾਰ ਤਾਂ ਹੱਦਾਂ ਹੀ ਪਾਰ ਕਰ ਗਿਆ ਹੈ। ਇਕੋ ਵੇਲੇ ਕਈਆਂ ਨੇ ਦੂਹਰੀ ਅਤੇ ਕਈਆਂ ਨੇ ਤੀਹਰੀ ਦਲ ਬਦਲੀ ਕਰ ਲਈ ਹੈ। ਸਿਆਸੀ ਵਫ਼ਾਦਾਰੀ ਤਿਲਕਵੀਂ ਹੋ ਗਈ ਹੈ ਅਤੇ ਸੁਆਰਥ ਪ੍ਰਧਾਨ ਹੋ ਗਿਆ ਹੈ। ਇਸ ਰੁਝਾਨ ਦਾ ਸਾਰੀਆਂ ਸਿਆਸੀ ਪਾਰਟੀਆਂ ਸ਼ਿਕਾਰ ਹਨ। ਕਿਸੇ ਵੀ ਸਿਆਸੀ ਦਲ ਪਾਸ ਪਾਰਟੀ ਮੈਂਬਰਸ਼ਿਪ ਲਈ ਕੋਈ ਵੀ ਪਰਖ-ਕਸੌਟੀ ਨਹੀਂ। ਨਾ ਹੀ ਏਨਾ ਕਿਸੇ ਪਾਸ ਸਮਾਂ ਹੈ, ਨਾ ਵਿਹਲ ਅਤੇ ਨਾ ਇੱਛਾ। ਬੱਸ ਇੱਕੋ ਧੁਨ ਸਵਾਰ ਹੈ-ਚੋਣਾਂ ਕਿਵੇਂ ਜਿੱਤੀਆਂ ਜਾਣ? ਇਸ ਲਈ ਸਿਆਸੀ ਦਲ ਲੋਕਾਂ ਨੂੰ ਭਰਮਾਉਣ ਖ਼ਾਤਰ ਅਪਣੀਆਂ ਸਿਆਸੀ ਚਾਲਾਂ ਚੱਲ ਰਹੇ ਹਨ। ਹਰ ਪਾਰਟੀ ਅਪਣੇ ਚੋਣ ਪ੍ਰਚਾਰ ਵਿਚ ਲੋਕਾਂ ਦਾ ਹਜੂਮ ਇਕੱਠਾ ਕਰ ਕੇ, ਵੋਟਰਾਂ ਉਤੇ ਧਾੜਵੀ ਪੈਂਤੜੇ ਤੋਂ ਧਾਵਾ ਬੋਲ ਰਹੀ ਹੈ ਤਾਕਿ ਉਨ੍ਹਾਂ ਨੂੰ ਸ਼ਕਤੀਪ੍ਰਦਰਸ਼ਨ ਰਾਹੀਂ ਅਪਣੇ ਵਲ ਖਿਚਿਆ ਜਾ ਸਕੇ। ਗ਼ੁਲਾਮ ਮਾਨਸਿਕਤਾ, ਚਮਚਿਆਂ, ਸੁਆਰਥੀਆਂ ਅਤੇ ਖ਼ਰੀਦੇ ਲੋਕਾਂ ਦੇ ਹਜੂਮ ਵਿਚ ਸਾਧਾਰਣ ਬੰਦਾ ਡੌਰ-ਭੌਰ ਹੋ ਕੇ ਵੇਖਦਾ ਹੀ ਰਹਿ ਜਾਂਦਾ ਹੈ। ਕੁੱਝ ਲੋਕਾਂ ਲਈ ਇਹ ਦਿਨ ਮੌਜ-ਮੇਲੇ ਦੇ ਵੀ ਹਨ।

ਇਹ ਭਲੇ ਵੇਲਿਆਂ ਦੀ ਬਾਤ ਬਣ ਗਈ ਹੈ ਜਦੋਂ ਸੁਹਿਰਦ ਅਤੇ ਸ਼ਾਇਸਤਾ ਸ਼ਬਦਾਂ ਦਾ ਸਮਾਜੀ ਜੋੜਮੇਲ ਸੀ। ਉਦੋਂ ਸਿਆਸਤ ਧਰਮ ਵਰਗੀ ਹੁੰਦੀ ਸੀ, ਪਰ ਹੁਣ ਧਰਮ ਸਿਆਸਤ ਵਰਗਾ ਬਣ ਗਿਆ ਹੈ। ਇਸ ਲਈ ਹੁਣ ਸੁਹਿਰਦ ਸਿਆਸਤ ਜਿਹੇ ਵਰਤਾਰਿਆਂ ਦਾ ਨਾਮੋ-ਨਿਸ਼ਾਨ ਹੀ ਮਿਟ ਗਿਆ ਹੈ। ਇਸ ਦੀ ਥਾਂ ਸੁਆਰਥੀ ਸਿਆਸਤ ਦਾ ਬੋਲਬਾਲਾ ਹੋ ਗਿਆ ਹੈ। ਸੁਆਰਥੀ ਸਿਆਸਤ ਦੀ ਅਪਣੀ ਕੋਈ ਨੈਤਿਕਤਾ ਨਹੀਂ ਹੁੰਦੀ। ਸੁਆਰਥੀ ਸਿਆਸਤ ਦੀ ਸਰਦਾਰੀ ਸਦਕਾ ਸਮਾਜਕ ਸਿਫ਼ਤਾਂ ਪ੍ਰਦੂਸ਼ਿਤ ਹੋਣ ਲੱਗ ਪੈਂਦੀਆਂ ਹਨ। ਇਉਂ ਸੁਆਰਥੀ ਸਿਆਸਤ ਬੇਅਰਥ ਕਿਸਮ ਦਾ ਸਮਾਜ-ਸਭਿਆਚਾਰ ਸਿਰਜਦੀ ਹੈ। ਸਮਾਜ ਸਨਮੁਖ ਅਨੇਕਾਂ ਸਮਾਜਕ, ਆਰਥਕ, ਧਾਰਮਕ ਅਤੇ ਮਾਨਸਿਕ ਮਸਲੇ ਖੜੇ ਹੁੰਦੇ ਹਨ। ਸੁਹਿਰਦ ਸਿਆਸਤ ਇਨ੍ਹਾਂ ਦਾ ਲੋਕਪੱਖੀ ਸਮਾਧਾਨ ਕਰਦੀ ਹੈ। ਸੁਹਿਰਦ ਸਿਆਸਤ ਖ਼ੁਸ਼ਹਾਲੀ ਅਤੇ ਬਿਹਤਰੀ ਦੀ ਜ਼ਾਮਨ ਬਣਦੀ ਹੈ। ਪਰ ਸੁਆਰਥੀ ਸਿਆਸਤ ਗ਼ਰੀਬੀ ਨੂੰ ਖ਼ਤਮ ਕਰਨ ਦੀ ਬਜਾਏ ਮਾਨਸਿਕ ਅਤੇ ਆਰਥਕ ਗ਼ੁਰਬਤ ਪੈਦਾ ਕਰ ਕੇ ਲਾਚਾਰੀ, ਬੇਬਸੀ, ਆਤਮਹਤਿਆ ਅਤੇ ਬੇਗਾਨਗੀ ਦਾ ਆਲਮ ਸਿਰਜਦੀ ਹੈ। ਨਾ ਤਾਂ ਆਰਥਕ ਵਿਕਾਸ ਦੀ ਕੋਈ ਸੀਮਾ ਹੈ ਅਤੇ ਨਾ ਹੀ ਲੋਕਾਂ ਦੀਆਂ ਸਮਸਿਆਵਾਂ ਕਦੇ ਪੂਰੀ ਤਰ੍ਹਾਂ ਮੁੱਕ ਸਕਦੀਆਂ ਹਨ। ਪਰ ਨੇਤਾਵਾਂ ਦਾ ਪਰਮ ਧਰਮ ਇਹ ਹੋਣਾ ਚਾਹੀਦਾ ਹੈ ਕਿ ਆਮ ਆਦਮੀ ਦਾ ਜੀਵਨ ਜਿਊਣ ਜੋਗਾ ਹੋਵੇ। ਆਮ ਆਦਮੀ ਦਾ ਜਿਊਣਾ ਦੁੱਭਰ ਨਾ ਹੋਵੇ। ਪਰ ਸੁਆਰਥੀ ਸਿਆਸਤ ਲੋਕਾਂ ਨੂੰ ਲੁਭਾਉਣੇ ਲਾਲਚ ਦਿੰਦੀ ਹੈ ਅਤੇ ਉਨ੍ਹਾਂ ਨੂੰ ਮੂਰਖ ਬਣਾ ਕੇ, ਵੋਟਾਂ ਬਟੋਰਨ ਦੀ ਸਿਆਸਤ ਕਰਦੀ ਹੈ। ਲੋਕਾਂ ਦਾ ਫੱਕਰ ਸੁਭਾਅ ਸੁਆਰਥੀ ਸਿਆਸਤ ਦੀ ਸ਼ੈਤਾਨੀਅਤ ਨੂੰ ਸਮਝਣ ਤੋਂ ਅਸਮਰੱਥ ਬਣਿਆ ਰਹਿੰਦਾ ਹੈ। ਲੋਕਾਂ ਨੂੰ ਜਾਗਰੂਕ ਕਰਨਾ ਮੀਡੀਆ ਦਾ ਫਰਜ਼ ਹੈ ਪਰ ਜ਼ਿਆਦਾਤਰ ਮੀਡੀਆ, ਸਿਆਸਤ ਦੀ ਭਾਸ਼ਾ ਬੋਲਦਾ ਹੈ। ਸਿਆਸਤ ਮੀਡੀਆ ਨੂੰ ਜ਼ਰੀਆ ਬਣਾ ਕੇ ਲੋਕਾਂ ਨੂੰ ਅਸਾਨੀ ਨਾਲ ਬੇਵਕੂਫ਼ ਬਣਾ ਰਹੀ ਹੈ। ਬਕੌਲ ਇਕ ਸ਼ਾਇਰ :

ਸਿਆਸਤ ਮੁਫ਼ਲਿਸੀ ਪਰ ਇਸ ਤਰ੍ਹਾਂ ਅਹਿਸਾਨ ਕਰਤੀ ਹੈ,
ਦੋ ਆਂਖੇਂ ਛੀਨ ਲੇਤੀ ਹੈ, ਔਰ ਚਸ਼ਮਾ ਦਾਨ ਕਰਤੀ ਹੈ।

ਮੀਡੀਆ ਦੇ ਯੁੱਗ ਵਿਚ ਲੋਕ ਅਪਣੀਆਂ ਨਜ਼ਰਾਂ ਨਾਲ ਅਸਲੀਅਤ ਨਹੀਂ ਵੇਖ ਰਹੇ ਬਲਕਿ ਮੀਡੀਆ ਸਿਆਸਤ ਦੀਆਂ ਐਨਕਾਂ ਨਾਲ ਜੋ ਉਨ੍ਹਾਂ ਨੂੰ ਵਿਖਾ ਰਿਹਾ ਹੈ, ਉਸੇ ਨੂੰ ਅਸਲੀਅਤ ਸਮਝ ਰਹੇ ਹਨ। ਭਾਵੇਂ ਸਾਡਾ ਬੁੱਧੀਜੀਵੀ ਵਰਗ ਅਪਣੀ ਜ਼ੁੰਮੇਵਾਰੀ ਸਮਝਦਿਆਂ ਵੋਟਰ ਨੂੰ ਸਿਆਸਤਦਾਨਾਂ ਦੀ ਅਸਲੀਅਤ ਦੇ ਰੂ-ਬ-ਰੂ ਕਰਵਾ ਰਿਹਾ ਹੈ ਪਰ ਲੋਕਾਂ ਨੂੰ ਜਾਗਰੂਕ ਕਰਨ ਲਈ ਇਹ ਕੋਸ਼ਿਸ਼ਾਂ ਨਾਕਾਫ਼ੀ ਹਨ। ਅਜਿਹੇ ਮਾਹੌਲ ਵਿਚ ਲੋਕ ਵਿਚਾਰੇ ਕੀ ਕਰਨ, ਕੀ ਸੋਚਣ, ਕੀ ਵੇਖਣ? ਕਿਉਂਕਿ ਵੇਖਣ-ਸੋਚਣ ਨੂੰ ਕੁੱਝ ਹੈ ਹੀ ਨਹੀਂ।

ਸੁਤੰਤਰਤਾ ਪ੍ਰਾਪਤੀ ਮਗਰੋਂ ਆਜ਼ਾਦ ਭਾਰਤ ਦੀ ਸਿਆਸਤ ਨੇ ਕੋਈ ਦੇਸ਼ਭਗਤ ਲੋਕਨਾਇਕ ਪੈਦਾ ਹੀ ਨਹੀਂ ਕੀਤਾ। ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਰਾਜਗੁਰੂ, ਊਧਮ ਸਿੰਘ, ਲਾਲਾ ਲਾਜਪਤ ਰਾਏ ਅਤੇ ਗਦਰੀ ਬਾਬਿਆਂ ਵਰਗੇ ਸੁਹਿਰਦ ਲੋਕਨਾਇਕ ਤਾਂ ਹੁਣ ਸੁਪਨਾ ਬਣ ਗਏ ਹਨ। ਇਸ ਪ੍ਰਸੰਗ ਵਿਚ ਗਦਰੀ ਬਾਬਿਆਂ ਦੀ ਇਕ ਮਿਸਾਲ ਵੇਖਣਯੋਗ ਹੈ। ਗਿਆਨੀ ਕੇਸਰ ਸਿੰਘ ਨੇ ਅਪਣੇ ਇਤਿਹਾਸਿਕ ਨਾਵਲਾਂ ਵਿਚ ਗਦਰੀ ਬਾਬਿਆਂ ਦੇ ਅਦੁਤੀ ਕਾਰਨਾਮਿਆਂ ਨੂੰ ਬਾਖ਼ੂਬੀ ਚਿਤਰਿਆ ਹੈ। ਇਹ ਗਦਰੀ ਬਾਬੇ ਪਛਮੀ ਮੁਲਕਾਂ ਵਿਚ ਗੁਪਤ ਰੂਪ ਵਿਚ ਵਿਚਰਦੇ ਸਨ। ਗੁਪਤ ਰੂਪ ਵਿਚ ਸੰਕੇਤਕ ਚਿੱਠੀਆਂ ਲਿਖਦੇ, ਗੁਪਤ ਡਾਕੇ ਮਾਰਦੇ ਅਤੇ ਪ੍ਰਾਪਤ ਪੂੰਜੀ ਨੂੰ ਗਦਰ ਦੀ ਤਿਆਰੀ ਲਈ ਵਰਤਦੇ। ਇਹ ਬਾਬੇ ਗਦਰ ਪਾਰਟੀ ਦਾ ਨਵਾਂ ਮੈਂਬਰ ਬੜਾ ਪਰਖ ਕੇ ਬਣਾਉਂਦੇ ਸਨ। ਇਸ ਪ੍ਰਸੰਗ ਵਿਚ ਕੇਸਰ ਸਿੰਘ ਨਾਲ ਵਾਪਰੀ ਇਕ ਘਟਨਾ ਜ਼ਿਕਰਯੋਗ ਹੈ। ਸੰਨ 1938 ਵਿਚ ਕੇਸਰ ਸਿੰਘ ਨੂੰ ਪੀਨਾਂਗ ਦੇ ਗੁਰਦਵਾਰੇ ਦੀ ਸਕੱਤਰੀ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦਿਨਾਂ ਵਿਚ ਪੀਨਾਂਗ ਦੇ ਗੁਰਦਵਾਰੇ ਵਿਚ ਇਕ ਸੇਫ਼ ਰਖਿਆ ਹੋਇਆ ਸੀ ਜਿਸ ਵਿਚ ਦੇਸੋਂ ਆਉਣ-ਜਾਣ ਵਾਲੇ ਲੋਕ ਅਪਣੀਆਂ ਅਮਾਨਤਾਂ ਰੱਖ ਜਾਂਦੇ। ਲੋਕ ਗਹਿਣੇ ਜਾਂ ਪੈਸੇ ਵਗ਼ੈਰਾ ਰੱਖ ਕੇ, ਰਸੀਦ ਲੈਂਦੇ ਤੇ ਮੁੜ ਰਸੀਦ ਵਿਖਾ ਕੇ, ਅਪਣੀ-ਅਪਣੀ ਅਮਾਨਤ ਵਾਪਸ ਲੈ ਲੈਂਦੇ। ਇਕ ਦਿਨ ਇਕ ਬਜ਼ੁਰਗ ਕੇਸਰ ਸਿੰਘ ਪਾਸ ਆਇਆ ਅਤੇ ਇਕ ਭਾਰਾ ਜਿਹਾ ਥੈਲਾ ਵਿਖਾ ਕੇ ਕਹਿਣ ਲੱਗਾ, 'ਇਹ ਮੇਰੀ ਅਮਾਨਤ ਹੈ, ਮੈਂ ਰਸੀਦ ਨਹੀਂ ਲੈਣੀ। ਕੱਲ੍ਹ ਜਾਂ ਪਰਸੋਂ ਵਾਪਸ ਲੈ ਜਾਵਾਂਗਾ।' ਕੇਸਰ ਸਿੰਘ ਪਹਿਲਾਂ ਤਾਂ ਸੋਚੀਂ ਪੈ ਗਿਆ ਪਰ ਬਾਅਦ ਵਿਚ ਇਹ ਸੋਚ ਕੇ ਕਿ ਦੁਨੀਆਂ ਇਕ-ਦੂਜੇ ਦੇ ਭਰੋਸੇ ਉਤੇ ਹੀ ਖੜੀ ਹੈ, ਉਸ ਅਜਨਬੀ ਬਾਬੇ ਦਾ ਥੈਲਾ ਰੱਖ ਲਿਆ। ਬਾਬੇ ਦੇ ਜਾਣ ਮਗਰੋਂ ਕੇਸਰ ਸਿੰਘ ਕਾਫ਼ੀ ਘਬਰਾਇਆ। ਇਕ ਵਾਰੀ ਤਾਂ ਉਸ ਨੇ ਗੁਰਦਵਾਰੇ ਦੇ ਪ੍ਰਧਾਨ ਨੂੰ ਇਹ ਗੱਲ ਦੱਸਣ ਦਾ ਮਨ ਵੀ ਬਣਾਇਆ। ਪਰ ਉਸ ਦੀ ਅੰਦਰਲੀ ਸੁਹਿਰਦਤਾ ਨੇ ਉਸ ਨੂੰ ਅਜਿਹਾ ਕਰਨੋਂ ਰੋਕੀ ਰਖਿਆ। ਘਬਰਾਹਟ ਵਿਚ ਪੂਰੀ ਰਾਤ ਦਫ਼ਤਰ ਵਿਚ ਹੀ ਬੈਠਾ ਰਿਹਾ। ਅੱਧੀ ਰਾਤ ਵੇਲੇ ਉਸ ਨੇ ਥੈਲਾ ਖੋਲ੍ਹ ਕੇ, ਵੇਖਿਆ ਤਾਂ ਉਸ ਵਿਚ ਸੋਨੇ ਦੀਆਂ ਪੰਜ ਇੱਟਾਂ ਸਨ। ਇਹ ਵੇਖ ਕੇ ਕੇਸਰ ਸਿੰਘ ਦੀ ਬੇਚੈਨੀ ਹੋਰ ਵੀ ਵੱਧ ਗਈ ਅਤੇ ਉਹ ਉਸ ਅਜਨਬੀ ਬਜ਼ੁਰਗ ਨੂੰ ਕੋਈ ਡਾਕੂ-ਲੁਟੇਰਾ ਵਗ਼ੈਰਾ ਸਮਝਣ ਲੱਗਾ। ਡਰ ਅਤੇ ਸਹਿਮ ਕਾਰਨ ਸਾਰੀ ਰਾਤ ਬੈਂਚ ਉਤੇ ਹੀ ਬੈਠਾ ਰਿਹਾ। ਦੂਜੇ ਦਿਨ ਜਦ ਬਾਬਾ ਥੈਲਾ ਲੈਣ ਵਾਪਸ ਆਇਆ ਤਾਂ ਉਸ ਨੂੰ ਸੁੱਖ ਦਾ ਸਾਹ ਆਇਆ। ਅਸਲ ਵਿਚ ਇਹ ਅਜਨਬੀ ਬਜ਼ੁਰਗ ਗਦਰੀ ਬਾਬਾ ਚੰਦਾ ਸਿੰਘ ਸੀ ਜੋ ਕੇਸਰ ਸਿੰਘ ਪਾਸ ਸੋਨਾ ਰੱਖ ਕੇ, ਉਸ ਦੀ ਈਮਾਨਦਾਰੀ ਦੀ ਪਰਖ ਕਰਨੀ ਚਾਹੁੰਦਾ ਸੀ। ਉਹ ਸਾਰੀ ਰਾਤ ਕੇਸਰ ਸਿੰਘ ਦੀਆਂ ਹਰਕਤਾਂ ਨੂੰ ਵੇਖਦਾ ਰਿਹਾ। ਉਸ ਨੂੰ ਯਕੀਨ ਹੋ ਗਿਆ ਕਿ ਮਹੀਨੇ ਦੇ 30 ਡਾਲਰ ਕਮਾਉਣ ਵਾਲਾ ਜੇ ਲੱਖਾਂ ਦਾ ਸੋਨਾ ਲੈ ਕੇ ਭਜਿਆ ਨਹੀਂ ਤਾਂ ਜ਼ਰੂਰ ਈਮਾਨਦਾਰ ਹੈ। ਇਸ ਮਗਰੋਂ ਕੇਸਰ ਸਿੰਘ ਦਾ ਸੰਪਰਕ ਗਦਰ ਪਾਰਟੀ ਦੇ ਸਰਗਰਮ ਮੈਂਬਰਾਂ ਨਾਲ ਵੱਧ ਗਿਆ ਅਤੇ ਉਹ ਰਾਜਸੀ ਗਤੀਵਿਧੀਆਂ ਵਿਚ ਹਿੱਸਾ ਲੈਣ ਲੱਗ ਪਿਆ। ਇਹ ਸੀ ਗਦਰੀ ਬਾਬਿਆਂ ਦਾ ਪਾਰਟੀ ਮੈਂਬਰਸ਼ਿਪ ਭਰਤੀ ਕਰਨ ਦਾ ਤਰੀਕਾ।

ਭਾਰਤ ਦੇ ਸੁਤੰਤਰਤਾ ਸੰਗਰਾਮ ਦੀਆਂ ਲਹਿਰਾਂ ਨੂੰ ਉਭਾਰਨ ਵਿਚ ਗਦਰੀ ਬਾਬਿਆਂ ਦਾ ਬੜਾ ਵੱਡਾ ਹੱਥ ਸੀ। ਗਦਰ ਦੇ ਅਰਥ ਗੜਬੜ ਕਰਨਾ ਹਨ। 1857 ਦੇ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਅੰਗਰੇਜ਼ਾਂ ਦੇ ਸਾਮਰਾਜੀ ਇਤਿਹਾਸਕਾਰਾਂ ਨੇ ਇਹ ਨਾਮ ਇਨ੍ਹਾਂ ਹੀ ਅਰਥਾਂ ਵਿਚ ਦਿਤਾ ਸੀ ਪਰ ਭਾਰਤੀ ਦੇਸ਼ਭਗਤਾਂ ਨੇ ਗਦਰ ਦੇ ਨਾਮ ਨੂੰ ਕ੍ਰਾਂਤੀ ਦੇ ਅਰਥਾਂ ਵਿਚ ਸੁਰੱਖਿਅਤ ਕਰ ਲਿਆ। ਉਨ੍ਹਾਂ ਲਈ ਗਦਰ ਇਕ ਸੰਕਲਪ ਵੀ ਸੀ, ਆਦਰਸ਼ ਵੀ ਅਤੇ ਸੰਗਰਾਮ ਵੀ।

ਵਿਅਕਤੀਗਤ ਰੂਪ ਵਿਚ ਸਾਰੇ ਗਦਰੀ ਬਾਬੇ ਮਹਾਨ ਸਨ। ਸਭਨਾਂ ਅੰਦਰ ਇਕੋ ਆਤਮਾ ਕਾਰਜਸ਼ੀਲ ਸੀ। ਉਹ ਸੀ ਆਜ਼ਾਦੀ ਦੀ ਤੜਪ ਅਤੇ ਤਾਂਘ ਅਤੇ ਉਸ ਦੀ ਪ੍ਰਾਪਤੀ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਦੀ ਆਪਾ ਵਾਰੂ ਸੁਹਿਰਦਤਾ। ਪਰ ਹੁਣ ਅਜਿਹੀ ਸੁਹਿਰਦ ਭਾਵਨਾ, ਸੁਆਰਥੀ ਸਿਆਸਤ ਦੀਆਂ ਕੋਝੀਆਂ ਚਾਲਾਂ ਦੇ ਕੂੜੇ ਹੇਠ ਦਫ਼ਨ ਹੋ ਗਈ ਹੈ। ਇਸ ਲਈ ਵੋਟਾਂ ਵੇਲੇ ਲੋਕ ਇਸ ਦੁਚਿੱਤੀ ਦਾ ਸਾਹਮਣਾ ਕਰਦੇ ਹਨ ਕਿ ਉਹ ਸਿਆਸੀ ਦਲ ਦੇ ਗੁਣਾਂ ਨੂੰ ਮੁੱਖ ਰੱਖਣ ਜਾਂ ਉਮੀਦਵਾਰ ਦੀ ਸ਼ਖ਼ਸੀਅਤ ਨੂੰ ਪਹਿਲ ਦੇਣ। ਸਿਆਸਤਦਾਨਾਂ ਦੀ ਸਾਖ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਏਨੀ ਡਿੱਗ ਚੁੱਕੀ ਹੈ ਕਿ ਕਚੀਚੀਆਂ ਵੱਟ ਕੇ ਵੋਟ ਪਾਉਣ ਤੋਂ ਸਿਵਾਏ, ਲੋਕਾਂ ਪਾਸ ਕੋਈ ਚਾਰਾ ਹੀ ਨਹੀਂ ਹੁੰਦਾ। ਇਸ ਵੇਲੇ ਲੋਕ ਸਿਆਸਤਦਾਨਾਂ ਨੂੰ ਡਲੇ ਮਾਰ ਕੇ ਅਪਣਾ ਰੋਸ ਪ੍ਰਗਟ ਕਰ ਰਹੇ ਹਨ। ਸਮਕਾਲੀ ਸਿਆਸਤ ਨੇ ਤਾਂ ਦੇਸ਼ਭਗਤਾਂ ਦੀਆਂ ਘਾਲਣਾਵਾਂ ਤੋਂ ਕੋਈ ਸੇਧ ਲੈਣ ਦੀ ਬਜਾਏ ਉਨ੍ਹਾਂ ਦੇ ਜਨਮ ਅਤੇ ਸ਼ਹੀਦੀ ਦਿਵਸਾਂ ਉਤੇ ਉਨ੍ਹਾਂ ਨੂੰ ਯਾਦ ਕਰਨ ਦੀ ਰਸਮ ਹੀ ਨਿਭਾਈ ਹੈ। ਪਰ ਲੋਕਾਂ ਨੂੰ ਵੋਟਾਂ ਪਾਉਣ ਸਮੇਂ, ਗਦਰੀ ਬਾਬਿਆਂ ਦੀ ਇਸ ਸੁਹਿਰਦਤਾ ਨੂੰ ਯਾਦ ਰਖਦੇ ਹੋਏ, ਸਿਆਣੇ, ਈਮਾਨਦਾਰ, ਸਮਾਜਸੇਵੀ ਅਤੇ ਸੁਹਿਰਦ ਸਿਆਸਤਦਾਨਾਂ ਨੂੰ ਅਪਣਾ ਕੀਮਤੀ ਵੋਟ ਪਾ ਕੇ ਸੁਆਰਥੀ ਸਿਆਸਤ ਨੂੰ ਨਕਾਰ ਦੇਣਾ ਚਾਹੀਦਾ ਹੈ। ਜੇਕਰ ਲੋਕਾਂ ਨੂੰ ਅਜਿਹਾ ਕੋਈ ਯੋਗ ਉਮੀਦਵਾਰ ਨਹੀਂ ਮਿਲਦਾ ਤਾਂ ਉਨ੍ਹਾਂ ਨੂੰ 'ਨੋਟਾ' ਨੂੰ ਦਬਾਉਣ ਤੋਂ ਵੀ ਪਰਹੇਜ ਨਹੀਂ ਕਰਨਾ ਚਾਹੀਦਾ। ਸ਼ਾਇਦ ਇਸੇ ਤੋਂ ਸਿਆਸੀ ਪਾਰਟੀਆਂ ਸਬਕ ਲੈਂਦੀਆਂ ਹੋਈਆਂ ਅੱਗੇ ਤੋਂ ਈਮਾਨਦਾਰ, ਸਮਾਜ-ਸੇਵਕ, ਯੋਗ, ਸਿਆਣੇ ਅਤੇ ਸੁਹਿਰਦ ਸਿਆਸਤਦਾਨਾਂ ਨੂੰ ਅਪਣੇ ਉਮੀਦਵਾਰ ਬਣਾਉਣ ਲਈ ਪਹਿਲ ਦੇਣ ਅਤੇ ਗਦਰੀ ਬਾਬਿਆਂ ਵਾਂਗ ਈਮਾਨਦਾਰੀ ਨੂੰ ਅਪਣੀ ਪਰਖ ਕਸੌਟੀ ਬਣਾ ਲੈਣ।

# ਖ਼ੁਦਕੁਸ਼ੀਆਂ ਦੇ ਅੱਡੇ ਬਣੀਆਂ ਪੰਜਾਬ ਪੁਲਿਸ ਹਵਾਲਾਤਾਂ



ਪੰਜਾਬ ਦੇ ਫ਼ਰੀਦਕੋਟ ਪੁਲਸ ਹਿਰਾਸਤ ਵਿੱਚ ਮਾਰੇ ਗਏ ਨੌਜਵਾਨ ਜਸਪਾਲ ਸਿੰਘ ਲਾਡੀ ਦਾ ਮਾਮਲਾ ਇਨ੍ਹੀਂ ਦਿਨੀਂ ਪੂਰਾ ਭਖਿਆ ਹੋਇਆ ਹੈ। ਪੀੜਤ ਅਤੇ ਨਿਆਂ ਪਸੰਦ ਸੰਘਰਸ਼ੀਲ ਪੁਲਸ ‘ਤੇ ਦੋਸ਼ ਲਾ ਰਹੇ ਹਨ ਕਿ ਜਸਪਾਲ ਦੀ ਮੌਤ ਕਥਿਤ ਤੌਰ ‘ਤੇ ਕੀਤੇ ਤਸ਼ੱਦਦ ਕਾਰਨ ਹੋਈ ਹੈ। ਦੂਜੇ ਪਾਸੇ ਪੁਲਸ ਦਾਅਵਾ ਕਰ ਰਹੀ ਹੈ ਕਿ ਮੁੰਡਾ ਹਵਾਲਾਤ ਵਿੱਚ ਖ਼ੁਦਕੁਸ਼ੀ ਕਰ ਗਿਆ ਸੀ। ਫਿਰ ਫੜ੍ਹ ਕੇ ਲਿਆਉਣ ਵਾਲ਼ਾ ਥਾਣੇਦਾਰ ਮੁੰਡੇ ਦੀ ਲਾਸ਼ ਰਾਜਸਥਾਨ ਨਹਿਰ ਵਿੱਚ ਸੁੱਟ ਕੇ ਡਰ ਕਾਰਨ ਆਪ ਵੀ ਖ਼ੁਦਕੁਸ਼ੀ ਕਰ ਗਿਆ। ਹਾਲਾਂਕਿ ਪੁਲਸ ਹਿਰਾਸਤ ‘ਚ ਕਥਿਤ ਤਸ਼ੱਦਦ ਦੇ ਦੋਸ਼ਾਂ ਦੀ ਪੁਸ਼ਟੀ ਲਾਸ਼ ਮਿਲਣ ਤੋ ਬਾਅਦ ਹੀ ਹੋ ਸਕਦੀ ਹੈ ਜੋ ਦਸ ਦਿਨ ਬਾਅਦ ਤੱਕ ਵੀ ਨਹੀਂ ਮਿਲੀ। ਇਸ ਲਈ ਅਸੀਂ ਹਾਲ ਦੀ ਘੜੀ ਪੁਲਸ ਦੀ ਦੱਸੀ ਕਹਾਣੀ ਦੀ ਗੱਲ ਕਰਦੇ ਹਾਂ। ਕਹਾਣੀ ਮੁਤਾਬਕ 11 ਵਜੇ ਥਾਣੇ ਲਿਆਂਦੇ ਗਏ ਜਸਪਾਲ ਸਿੰਘ ਨੇ ਪਹਿਲਾਂ ਦੋ ਯਤਨ ਕੀਤੇ ਪਰ ਉਹ ਖ਼ੁਦਕੁਸ਼ੀ ਕਰਨ ਵਿੱਚ ਨਾਕਾਮਯਾਬ ਰਿਹਾ। ਅੰਤ ਵਿੱਚ ਉਹਨੇ ਸਵੇਰੇ 4:06 ਵਜੇ ਕਥਿਤ ਤੌਰ ‘ਤੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਇਸ ਤੋ ਪਹਿਲਾਂ ਜਸਪਾਲ ਨੇ ਆਪਣੇ ਲਹੂ ਨਾਲ਼ ਹਵਾਲਾਤ ਦੀ ਕੰਧ ਉੱਤੇ ਇੱਕ ਖ਼ੁਦਕੁਸ਼ੀ ਨੋਟ ਵੀ ਲਿਖਿਆ ਸੀ। ਬੱਸ ਇਸੇ ਕਹਾਣੀ ਵਿੱਚ ਹੀ ਸਾਡੀ ਵਿਵਸਥਾ ਦੀ ਅਸਲ ਕਹਾਣੀ ਲੁਕੀ ਹੋਈ ਹੈ। ਹੁਣ ਪੁਲਸ ਵੱਲੋ ਦਿੱਤੇ ਉਪਰੋਕਤ ਸਮੇਂ ਤੇ ਗੌਰ ਕਰੋ; ਰਾਤ ਦੇ 11 ਤੋ 4 ਵਜੇ ਤੱਕ (ਭਾਵ 5 ਘੰਟੇ)। ਕੀ ਇਸ ਦੌਰਾਨ ਸੀ.ਸੀ.ਟੀ.ਵੀ. ਕੈਮਰਿਆਂ ਦੀ ਕੋਈ ਨਿਗਰਾਨੀ ਨਹੀਂ ਸੀ ? ਜੇਕਰ ਹਵਾਲਾਤਾਂ ‘ਚ ਲੱਗੇ ਇਨ੍ਹਾਂ ਕੈਮਰਿਆਂ ਬਾਬਤ ਕੋਈ ਐਸਾ ਪ੍ਰਬੰਧ ਹੀ ਨਹੀਂ ਹੈ ਤਾਂ ਫੇਰ ਇਹ ਕੈਮਰੇ ਘਟਨਾ ਨੂੰ ਅਗਾਊਂ ਰੋਕਣ ਤੋ ਤਾਂ ਮੰਤਵਹੀਣ ਜਾਪਦੇ ਹਨ। ਜਦਕਿ ਜ਼ਹਿਨੀ ਤੌਰ ‘ਤੇ ਥਾਣਿਆਂ ‘ਚ ਟੁੱਟੇ ਲੋਕਾਂ ਦੀ ਖੁਦ ਨੂੰ ਮੁਕਾਉਣ ਦੀ ਸੰਭਾਵਨਾ ਵੀ ਪ੍ਰਬਲ ਰਹਿੰਦੀ ਹੈ ਅਤੇ ਹਵਾਲਾਤ ‘ਚੋ ਕੱਢ ਕੇ ਕੁੱਟਣ ਦੀ ਉਮੀਦ ਵੀ ਬਰੋਬਰ ਬਣੀ ਰਹਿੰਦੀ ਹੈ। ਇੱਕ ਸੁਆਲ ਇਹ ਵੀ ਹੈ ਕਿ ਇਨ੍ਹਾਂ 5 ਘੰਟਿਆਂ ਦੌਰਾਨ ਥਾਣੇ ਦਾ ਸੰਤਰੀ ਕੀ ਸੀਪ ਖੇਡ ਰਿਹਾ ਸੀ ? ਆਮ ਤੌਰ ‘ਤੇ ਸੰਤਰੀ ਥੋੜ੍ਹੇ-ਥੋੜ੍ਹੇ ਸਮੇ ਬਾਅਦ ਬਾਰੀਕੀ ਨਾਲ਼ ਹਵਾਲਾਤ ਦਾ ਮੁਆਇਨਾ ਕਰਦਾ ਹੈ ਬਲਕਿ ਬੰਦੀ ਨੂੰ ਰਾਤ ਵਿੱਚ ਕਈ ਵਾਰ ਉਠਾ ਕੇ ਵੀ ਵਿੰਹਦਾ ਹੈ। ਜੇਕਰ ਇਹ ਉਕਾਈ ਨਾ ਹੋਈ ਹੁੰਦੀ ਤਾਂ ਹਵਾਲਾਤ ਵਿੱਚ ਡੁੱਲ੍ਹਿਆ ਲਹੂ ਬੜੀ ਸੌਖ ਨਾਲ਼ ਵਾਪਰਨ ਵਾਲ਼ੇ ਭਾਣੇ ਨੂੰ ਰੋਕ ਸਕਦਾ ਸੀ। ਪੁਲਸ ਮੁਤਾਬਕ ਮ੍ਰਿਤਕ ਨੇ ਚਾਦਰ ਪਾੜ ਕੇ ਫਾਹਾ ਬਣਾਇਆ ਸੀ। ਇਹ ਵੀ ਇੱਕ ਸੁਆਲ ਹੈ ਜਦੋ ਪਰਨੇ/ਪੱਗਾਂ ਹਵਾਲਾਤ ਅੰਦਰ ਨਹੀਂ ਜਾਣ ਦਿੱਤੇ ਜਾਂਦੇ ਤਾਂ ਉਹ ਚਾਦਰ ਕਿਵੇਂ ਚਲੇ ਗਈ ਜਿਸ ਦਾ ਫਾਹਿਆ ਬੜੀ ਸੌਖ ਨਾਲ਼ ਬਣ ਗਿਆ।

ਰੌਲਾ ਹੀ ਇਸ ਗੱਲ ਦਾ ਹੈ ਕਿ ਪੁਲਸ-ਪ੍ਰਬੰਧਾਂ ਵਿੱਚ ਉਕਾਈਆਂ ਤੋ ਬਚਣ ਦੀ ਥਾਂ ਅਣਗਹਿਲੀ ਜਾਂ ਜੁਰਮ ਕਰਨ ਤੋ ਬਾਅਦ ਉਸ ਦੇ ਨਿਸ਼ਾਨ ਮਿਟਾਉਣ ਜਿਹੇ ਕਾਰਿਆਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਕਿਸੇ ਪੁਲਸ ਫੋਰਸ ਤੋ ਇਹ ਤਵੱਕੋ ਨਹੀਂ ਕੀਤੀ ਜਾ ਸਕਦੀ ਕਿ ਉਹ ਆਪਣੇ ਗੁਨਾਹ ਜਾਂ ਉਕਾਈ ਨੂੰ ਲੁਕਾਉਣ ਵਾਸਤੇ ਲਾਸ਼ ਨੂੰ ਖ਼ੁਰਦ-ਬੁਰਦ ਕਰਨ ਜਿਹਾ ਜੁਰਮ ਅੰਜਾਮ ਦੇ ਦੇਵੇ। ਪਰ ਸਾਡੇ ਦੇਸ਼ ਵਿੱਚ ਇਹ ਪਹਿਲਾ ਮੌਕਾ ਨਹੀਂ ਹੈ ਜਦੋ ਇਹੋ ਜਿਹਾ ਗੁਨਾਹ ਕੀਤਾ ਗਿਆ ਹੋਵੇ। ਸਤੰਬਰ 2017 ਵਿੱਚ ਮਹਾਂਰਾਸ਼ਟਰ ਦੇ ਸਾਂਗਲੀ ‘ਚ ਇੱਕ ਇੰਜਨੀਅਰ ਨਾਲ਼ ਹੋਈ ਲੁੱਟ-ਖੋਹ ਦੇ ਮਾਮਲੇ ‘ਚ ਅਨਿਕੇਤ ਕੋਥਲੇ ਨਾਂਅ ਦੇ ਨੌਜਵਾਨ ਨੂੰ ਫੜਿਆ ਗਿਆ ਸੀ। ਪੁਲਸ ਦੇ ਤਸੀਹਿਆਂ ਕਰਕੇ ਕੋਥਲੇ ਦੀ ਦੌਰਾਨੇ ਹਿਰਾਸਤ ਮੌਤ ਹੋ ਗਈ। ਪੁਲਸ ਨੇ ਬਚਣ ਲਈ ਕੋਥਲੇ ਦੀ ਹਿਰਾਸਤ ‘ਚੋ ਭੱਜਣ ਦੀ ਝੂਠੀ ਕਹਾਣੀ ਘੜ ਲਈ। ਬਾਅਦ ਵਿੱਚ ਪਤਾ ਲੱਗਾ ਕਿ ਪੁਲਸ ਨੇ ਉਕਤ ਨੌਜਵਾਨ ਦੀ ਲਾਸ਼ 130 ਕਿਲੋਮੀਟਰ ਦੂਰ ਲਿਜਾ ਕੇ ਆਪ ਹੀ ਸਾੜ ਦਿੱਤੀ ਸੀ। ਇਸ ਮਾਮਲੇ ‘ਚ 6 ਪੁਲਸ ਵਾਲ਼ਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਸ ਤੋ ਇਲਾਵਾ ਕਈ ਹੋਰ ਮਿਸਾਲਾਂ ਹਨ। ਉੱਤਰ ਪ੍ਰਦੇਸ਼ ਦੇ ਜਿਲ੍ਹੇ ਅਲੀਗੜ੍ਹ ਦੇ ਕਵਾਰਸੀ ਥਾਣੇ ਦਾ ਰਾਮੂ ਸਿੰਘ-ਸ਼ਾਮੂ ਸਿੰਘ ਦਾ ਮਾਮਲਾ ਪੂਰੇ ਦੇਸ਼ ਵਿੱਚ ਗੂੰਜ ਚੁੱਕਾ ਹੈ। 15 ਅਪ੍ਰੈਲ 2012 ਨੂੰ ਇਨ੍ਹਾਂ ਦੋ ਸਕੇ ਭਰਾਵਾਂ ਨੂੰ ਪੁਲਸ ਨੇ ਹਿਰਾਸਤ ‘ਚ ਲਿਆ ਸੀ। ਇਸ ਦੌਰਾਨ ਇੱਕ ਦੀ ਮੌਤ ਹੋ ਗਈ। ਬਚ ਗਏ ਰਾਮੂ ਸਿੰਘ ਨੇ ਹਿਊਮਨ ਰਾਈਟਸ ਵਾਚ ਨੂੰ ਦੱਸਿਆ ਸੀ ਕਿ ਮੇਰੇ ਭਰਾ ਨੂੰ ਕਥਿਤ ਤੌਰ ‘ਤੇ ਮੇਰੇ ਸਾਹਮਣੇ ਨੰਗਿਆਂ ਕਰਕੇ ਕੁੱਟਿਆ ਗਿਆ ਤੇ ਨਾਸਾਂ ‘ਚ ਪਾਣੀ ਪਾਇਆ ਗਿਆ। ਜਦੋ ਉਹ ਬੇਹੋਸ਼ ਹੋ ਗਿਆ ਤਾਂ ਇੱਕ ਪੁਲਸ ਵਾਲ਼ੇ ਨੇ ਉਸ ਦੇ ਮੂੰਹ ‘ਚ ਇੱਕ ਪੁੜੀ ਉਲੱਧ ਦਿੱਤੀ। ਜਿਸ ਤੋ ਬਾਅਦ ਉਹ ਦਮ ਤੋੜ ਗਿਆ।

ਪੱਛਮੀ ਬੰਗਾਲ ਦੇ ਹੁਗਲੀ ਵਿੱਚ ਇੱਕ 35 ਸਾਲ ਦੇ ਨੌਜਵਾਨ ਕਾਜੀ ਨਸੂਰਦੀਨ ਨੂੰ 18 ਜਨਵਰੀ 2013 ਨੂੰ ਪੁਲਸ ਵੱਲੋ ਹਿਰਾਸਤ ‘ਚ ਲਿਆ ਗਿਆ ਸੀ। ਨਸੀਰੂਦੀਨ ਤ੍ਰਿਣਮੂਲ ਕਾਂਗਰਸ ਦਾ ਕਾਰਕੁੰਨ ਸੀ। ਹਿਰਾਸਤ ਵਿੱਚ ਉਸ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਨਸੀਰੂਦੀਨ ਪਖਾਨੇ ਵਿੱਚ ਡਿੱਗ ਕੇ ਜ਼ਖਮੀ ਹੋ ਕੇ ਮਰ ਗਿਆ। ਨਸੀਰੂਦੀਨ ਦੀ ਪਤਨੀ ਅਦਾਲਤ ਚਲੀ ਗਈ। ਮਾਮਲਾ ਪੜਤਾਲ ਵਾਸਤੇ ਸੀ.ਆਈ.ਡੀ. ਨੂੰ ਸੌਂਪਿਆ ਗਿਆ। ਫਿਰ ਇਹ ਮਾਮਲਾ ਸੀ.ਬੀ.ਆਈ. ਕੋਲ ਗਿਆ। ਸੀ.ਬੀ.ਆਈ. ਨੇ ਸੀ.ਆਈ.ਡੀ. ਦੀ ਪੜਤਾਲ ਨੂੰ ਹੀ ਪਰਦਾਪੋਸ਼ੀ ਦੀ ਕਾਰਵਾਈ ਕਰਾਰ ਦਿੱਤਾ ਸੀ।

ਐਗਨੇਲੋ ਵਲਦਾਰਿਸ ਦਾ ਮਾਮਲਾ ਕੌਣ ਭੁੱਲ ਸਕਦਾ ਹੈ। 18 ਅਪ੍ਰੈਲ 2014 ਦੀ ਸਵੇਰ ਨੂੰ ਵਲਦਾਰਿਸ ਦੀ ਮੌਤ ਹੋਈ ਸੀ। ਪੁਲਸ ਦਾ ਕਹਿਣਾ ਸੀ ਕਿ ਹਿਰਾਸਤ ‘ਚੋ ਭੱਜਦਿਆਂ ਵਲਾਦਰਿਸ ਦੀ ਮੌਤ ਰੇਲ ਦੀ ਫੇਟ ਵੱਜਣ ਕਾਰਨ ਹੋਈ ਹੈ। ਬਾਅਦ ਵਿੱਚ ਸੀ.ਬੀ.ਆਈ. ਨੇ ਪੜਤਾਲ ‘ਚ ਪਾਇਆ ਕਿ ਪੁਲਸ ਨੇ ਸਾਰਾ ਰਿਕਾਰਡ ਹੀ ਗਲਤ ਤਿਆਰ ਕੀਤਾ ਸੀ ਕਿਉਂਕਿ ਪਿੱਛੋ ਵਲਾਦਰਿਸ ਦੇ ਨਾਲ਼ ਹਿਰਾਸਤ ‘ਚ ਲਏ ਤਿੰਨ ਨੌਜਵਾਨ ਸਾਹਮਣੇ ਆ ਗਏ ਸਨ। ਉਨ੍ਹਾਂ ਦੱਸਿਆ ਸੀ ਕਿ ਵਲਾਦਰਿਸ ਦੀ ਮੌਤ ਤਸੀਹਿਆਂ ਕਰਕੇ ਹੋਈ।

ਪੁਲਸੀਆ ਜ਼ਬਰ ਦੀ ਇੱਕ ਹੋਰ ਦਿਲ-ਕੰਬਾਊ ਕਹਾਣੀ ਸਾਡੇ ਸਾਹਮਣੇ ਹੈ। ਸਤੰਬਰ 2017 ਵਿੱਚ ਯੂਪੀ ਦੇ ਬਾਗਪਤ ਵਿੱਚ ਪੁਲਸ ਨੇ ਇੱਕ ਨੌਜਵਾਨ ਨੂੰ ਚੁੱਕਿਆ। ਫਿਰ ਪੁਲਸ ਨੇ ਉਕਤ ਨੌਜਵਾਨ ‘ਤੇ 50 ਹਜ਼ਾਰ ਦਾ ਇਨਾਮ ਐਲਾਨ ਦਿੱਤਾ। ਅਗਲੇ ਦਿਨ ਉਸ ਦੇ ਪੁਲਸ ਮੁਕਾਬਲੇ ਦੀ ਖ਼ਬਰ ਆ ਗਈ। ਇੱਕ ਦਿਨ ਬਾਅਦ ਪਤਾ ਲੱਗਾ ਅਸਲ ਵਿੱਚ ਪੁਲਸ ਨੇ ਸੁਮੀਤ ਗੁੱਜਰ ਦੀ ਥਾਂ ਉਸੇ ਪਿੰਡ ਦੇ ਇੱਕ ਹੋਰ ਸੁਮੀਤ ਨੂੰ ਭੁਲੇਖੇ ਨਾਲ਼ ਫੜ੍ਹ ਕੇ ਮਾਰ ਦਿੱਤਾ। ਕਸ਼ਮੀਰ, ਮਨੀਪੁਰ, ਛੱਤੀਸਗੜ੍ਹ ਦੇ ਅਨੇਕਾਂ ਮਾਮਲੇ ਇਸ ਪ੍ਰਸੰਗ ਵਿੱਚ ਸਿਸਕੀਆਂ ਭਰਦੇ ਹਨ।

ਭਾਰਤ ਵਿੱਚ ਪੁਲਸ ਹਿਰਾਸਤ ‘ਚ ਹੋਣ ਵਾਲ਼ੀਆਂ ਮੌਤਾਂ ਬਾਬਤ 17 ਜੂਨ 2016 ਨੂੰ ‘ਇੰਡੀਆ ਟੂਡੇ’ ਨੇ ਇੱਕ ਰਿਪੋਰਟ ਨਸ਼ਰ ਕੀਤੀ ਸੀ। ਇਸ ਵਿੱਚ ਦੱਸਿਆ ਗਿਆ ਕਿ ਸਾਲ 2001 ਤੋ ਲੈ ਕੇ ‘13 ਤੱਕ 1275 ਹਿਰਾਸਤੀ ਮੌਤਾਂ ਹੋਈਆਂ। ਹੈਰਾਨ ਕਰਨ ਵਾਲ਼ੀ ਗੱਲ ਇਹ ਸੀ ਕਿ ਇਨ੍ਹਾਂ ‘ਚੋ ਅੱਧੇ ਮਾਮਲੇ ਦਰਜ ਹੀ ਨਹੀਂ ਕੀਤੇ ਗਏ। ਪਿਛਲੇ ਸਾਲ ਏਸ਼ੀਅਨ ਸੈਂਟਰ ਫਾਰ ਹਿਊਮਨ ਰਾਇਟਸ ਨੇ ਇੱਕ ਰਿਪੋਰਟ ਦਿੱਤੀ ਸੀ। ਰਿਪੋਰਟ ‘ਚ ਦੱਸਿਆ ਗਿਆ ਕਿ 1 ਅਪ੍ਰੈਲ 2017 ਤੋ ਲੈ ਕੇ 28 ਫਰਵਰੀ 2018 ਤੱਕ ਦੇ 10 ਮਹੀਨਿਆਂ ਦੌਰਾਨ ਭਾਰਤ ਵਿੱਚ ਕੁਲ 1674 ਹਿਰਾਸਤੀ ਮੌਤਾਂ ਹੋਈਆਂ। ਇਨ੍ਹਾਂ ਵਿੱਚੋ 144 ਪੁਲਸ ਹਿਰਾਸਤ ਦੀਆਂ ਮੌਤਾਂ ਸਨ। ਯਾਨੀ ਇੱਕ ਮਹੀਨੇ ‘ਚ 15 ਦੇ ਕਰੀਬ ਪੁਲਸ ਹਿਰਾਸਤ ‘ਚ ਮੌਤਾਂ ਹੋ ਗਈਆਂ। ਇਸ ਰਿਪੋਰਟ ਵਿੱਚ ਪੰਜਾਬ ਨੂੰ 128 ਹਿਰਾਸਤੀ ਮੌਤਾਂ ਨਾਲ਼ ਦੇਸ਼ ਭਰ ‘ਚੋ ਤੀਜੇ ਨੰਬਰ ‘ਤੇ ਰੱਖਿਆ ਗਿਆ।

ਇੱਕ ਹੋਰ ਰਿਪੋਰਟ ਮੁਤਾਬਕ ਕੌਮੀ ਪੱਧਰ ‘ਤੇ ਹੁੰਦੀਆਂ ਹਿਰਾਸਤੀ ਮੌਤਾਂ ਦੇ ਮਾਮਲਿਆਂ ‘ਚ 100 ਹਿਰਾਸਤੀ ਮੌਤਾਂ ਪਿੱਛੇ ਸਿਰਫ 2 ਪੁਲਸ ਵਾਲ਼ਿਆਂ ਨੂੰ ਹੀ ਦੋਸ਼ੀ ਠਹਿਰਾਇਆ ਗਿਆ। ਹਰ ਦਰਜ ਮਾਮਲੇ ‘ਚ 100 ਪਿੱਛੇ ਸਿਰਫ 34 ਵਿੱਚ ਹੀ ਪੁਲਸ ਵਾਲ਼ਿਆਂ ਖਿਲਾਫ਼ ਦੋਸ਼ ਪੱਤਰ ਦਾਖ਼ਲ ਕੀਤਾ ਗਿਆ ਅਤੇ ਇਨ੍ਹਾਂ ਵਿਚੋ ਸਿਰਫ 12 ਫੀਸਦੀ ਹੀ ਸਜ਼ਾ ਤੱਕ ਅੱਪੜ ਸਕੇ। ਇਸ ਤੋ ਸਾਫ ਜ਼ਾਹਰ ਹੈ ਕਿ ਪੁਲਸ ਥਾਣਿਆਂ ਵਿੱਚ ਨਾ ਸਿਰਫ ਅਣ-ਮਨੁੱਖੀ ਕਹਿਰ ਟੁੱਟਦਾ ਹੈ ਬਲਕਿ ਹਿਰਾਸਤੀ ਮੌਤ ਹੋਣ ਦੀ ਸੂਰਤ ਵਿੱਚ ਝੂਠੀਆਂ ਕਹਾਣੀਆਂ ਘੜੀਆਂ ਜਾਂਦੀਆਂ ਹਨ। ਏਥੋ ਤੱਕ ਕਿ ਪੁਲਸ ਨੂੰ ਬਚਾਉਣ ਲਈ ਪੁਲਸ ਹੀ ਮੈਦਾਨ ‘ਚ ਆ ਨਿੱਤਰਦੀ ਹੈ। ਸਬੂਤ ਨਸ਼ਟ ਕਰਨ ਤੋ ਇਲਾਵਾ ਪੀੜਤ ਪਰਵਾਰਾਂ ਨੂੰ ਧਮਕਾਇਆ ਵੀ ਜਾਂਦਾ ਹੈ ਤੇ ਲਲਚਾਇਆ ਵੀ ਜਾਂਦਾ ਹੈ।

ਅਸਲ ਹਿਰਾਸਤੀ ਮੌਤਾਂ ਦੇ ਮਾਮਲੇ ਵਿੱਚ ਪੁਲਸ ਦਾ ਕਿਰਦਾਰ ਇਸ ਕਰਕੇ ਸ਼ੱਕੀ ਹੋ ਜਾਂਦੈ ਕਿ ਉਹ ਗ੍ਰਿਫ਼ਤਾਰੀ ਕਰਨ ਸਮੇਂ ਤੈਅ ਹੋਈਆਂ ਮੱਦਾਂ ਨੂੰ ਹੀ ਮਿੱਧ ਦਿੰਦੀ ਹੈ। ਜਸਪਲਾ ਲਾਡੀ ਦੇ ਮਾਮਲੇ ਵਿੱਚ ਵੀ ਇਹੋ ਹੋਇਆ ਹੈ। 1997 ਵਿੱਚ ਸੁਪਰੀਮ ਕੋਰਟ ਵੱਲੋਂ ਡੀ.ਕੇ. ਬਾਸੂ ਬਨਾਮ ਪੱਛਮੀ ਬੰਗਾਲ ਮਾਮਲੇ ਵਿੱਚ ਪੁਲਸ ਹਿਰਾਸਤ ‘ਚ ਅੱਤਿਆਚਾਰ ਰੋਕਣ ਲਈ ਇੱਕ ਨਿਯਮਾਵਲੀ ਬਣਾਈ ਗਈ ਸੀ। ਜਿਸ ਨੂੰ ਬਾਅਦ ਵਿੱਚ ਕੋਡ ਆਫ ਕ੍ਰਿਮਨਲ ਪ੍ਰੋਸੀਜ਼ਰ ਵਿੱਚ ਸ਼ਾਮਲ ਕੀਤਾ ਗਿਆ। ਇਸ ਤਹਿਤ ਕਿਸੇ ਨੂੰ ਹਿਰਾਸਤ ‘ਚ ਲੈਣ ਵੇਲੇ ਪੁਲਸ ਨੂੰ ਪਛਾਣ ਦੱਸਣੀ ਜ਼ਰੂਰੀ ਹੋਵੇਗੀ। ਫਿਰ ਇੱਕ ਮੀਮੋ ਤਿਆਰ ਕਰਨਾ ਹੋਵੇਗਾ। ਇਸ ਵਿੱਚ ਗ੍ਰਿਫ਼ਤਾਰੀ ਦੀ ਤਾਰੀਕ ਤੇ ਸਮਾਂ ਦੱਸ ਕੇ ਨਾਲ਼ ਇੱਕ ਸੁਤੰਤਰ ਗ਼ਵਾਹ ਅਤੇ ਗ੍ਰਿਫ਼ਤਾਰ ਵਿਅਕਤੀ ਦੇ ਦਸਤਖ਼ਤ ਹੋਣਗੇ। ਪੁਲਸ ਨੂੰ ਜ਼ਰੂਰੀ ਹੈ ਕਿ ਉਹ ਹਰ ਹਾਲ ਗ੍ਰਿਫ਼ਤਾਰ ਵਿਅਕਤੀ ਦੇ ਪਰਵਾਰ ਨੂੰ ਸੂਚਤ ਕਰੇ ਅਤੇ ਹਿਰਾਸਤ ਦੀ ਜਗ੍ਹਾ ਦੀ ਜਾਣਕਾਰੀ ਮੁਹੱਈਆ ਕਰਵਾਵੇ। ਹਿਰਾਸਤ ‘ਚ ਲੈਣ ਉਪਰੰਤ ਵਿਅਕਤੀ ਦਾ ਮੈਡੀਕਲ ਕਰਵਾਇਆ ਜਾਵੇ। ਇਹ ਇਸ ਮੰਤਵ ਲਈ ਕਿ ਪਹਿਲਾਂ ਲੱਗੀਆਂ ਸੱਟਾਂ ਦਾ ਬਿਊਰਾ ਮਿਲ ਸਕੇ। ਇਸ ਤੋ ਇਲਾਵਾ ਗ੍ਰਿਫ਼ਤਾਰ ਵਿਅਕਤੀ ਨੂੰ 24 ਘੰਟਿਆਂ ਅੰਦਰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ। ਪੁਲਸ ਆਪ ਹੀ ਦੱਸ ਦੇਵੇ ਕਿ ਕੀ ਜਸਪਾਲ ਲਾਡੀ ਦੇ ਮਾਮਲੇ ‘ਚ ਅਜਿਹਾ ਹੋਇਆ ?

ਹਿਰਾਸਤੀ ਮੌਤਾਂ ਦਾ ਵੱਡਾ ਕਾਰਨ ਪੁਲਸ ਦੀਆਂ ਅੱਤਿਆਚਾਰੀ ਵਧੀਕੀਆਂ ਹਨ। ਪਰ ਪੰਜਾਬ ਦੇ ਅੰਦਰ ਥਾਣਿਆਂ ‘ਚ ਕਥਿਤ ਖ਼ੁਦਕੁਸ਼ੀਆਂ ਵੀ ਫ਼ਰਜ਼ੀ ਮੁਕਾਬਲਿਆਂ ਵਾਂਗ ਡਰਾਉਣੀਆਂ ਬਣ ਰਹੀਆਂ ਹਨ। ਇਹ ਦੋਹਰੀ ਚਿੰਤਾ ਦਾ ਵਿਸ਼ਾ ਹੈ। ਖ਼ੁਦਕੁਸ਼ੀ ਵੀ ਸਿੱਧੇ ਤੌਰ ‘ਤੇ ਪੁਲਸ ਦੀ ਹੀ ਨਾ-ਅਹਿਲੀਅਤ ਹੈ। ਪਰ ਪੰਜਾਬ ਪੁਲਸ ਨੇ ਤਾਂ ਜਿਵੇਂ ਇਸ ਮਾਮਲੇ ‘ਚ ਸਬਕ ਨਾ ਸਿੱਖਣ ਦੀ ਸਹੁੰ ਖਾ ਰੱਖੀ ਹੈ। ਪੁਲਸ ਸਬਕ ਸਿੱਖ ਨਹੀਂ ਰਹੀ ਤੇ ਸਰਕਾਰ ਸਿਖਾ ਵੀ ਨਹੀਂ ਰਹੀ। ਪਿਛਲੇ ਸਾਲ ਅਕਤੂਬਰ ਵਿੱਚ ਗਿੱਦੜਬਾਹਾ ਥਾਣੇ ਅੰਦਰ ਇੱਕ 22 ਸਾਲਾਂ ਦਾ ਨੌਜਵਾਨ ਫਾਹ ਲੈ ਗਿਆ ਸੀ। ਦਿਸੰਬਰ 2017 ਵਿੱਚ ਮੋਹਾਲੀ ਦੇ ਮਟੌਰ ਥਾਣੇ ‘ਚ ਇੱਕ ਨੌਜਵਾਨ ਖ਼ੁਦਕੁਸ਼ੀ ਕਰ ਗਿਆ। ਇਸ ਤੋਂ ਪਹਿਲਾਂ ਜੂਨ 2017 ਵਿੱਚ ਨੂਰਮਹਿਲ ਥਾਣੇ ਅੰਦਰ ਇੱਕ ਲਾਹੌਰੀ ਨਾਂਅ ਦਾ ਬੰਦਾ ਖ਼ੁਦਕੁਸ਼ੀ ਕਰ ਗਿਆ ਜਦਕਿ ਪੁਲਸ ਵਾਲ਼ੇ ਕੋਲ ਘੂਕ ਸੁੱਤੇ ਰਹੇ। ਦੋ ਕੁ ਸਾਲ ਪਹਿਲਾਂ ਪੁੱਛ-ਪੜਤਾਲ ਲਈ ਬੁਲਾਈ ਗਈ ਇੱਕ ਕੁੜੀ ਵੀ ਥਾਣੇ ‘ਚ ਖ਼ੁਦਕੁਸ਼ੀ ਕਰ ਗਈ ਸੀ। ਕੀ ਇਹ ਘਟਨਾਵਾਂ ਇਸ ਗੱਲ ‘ਤੇ ਮੋਹਰ ਨਹੀਂ ਲਾਉਂਦੀਆਂ ਕਿ ਪੰਜਾਬ ਪੁਲਸ ਖ਼ੁਦਕੁਸ਼ੀ ਮਾਮਲਿਆਂ ਨੂੰ ਹੌਲ਼ਿਆਂ ‘ਚ ਲੈ ਰਹੀ ਹੈ ? ਇਹ ਸ਼ਾਇਦ ਇਸ ਕਰਕੇ; ਕਿਉਂਕਿ ਨਾ ਸਿਰਫ ਤਸ਼ੱਦਦ ਦੌਰਾਨ ਹੋਈ ਮੌਤ ਦੀ ਕਹਾਣੀ ਡਾਕਟਰਾਂ ਨਾਲ਼ ਮਿਲ ਕੇ ਬਦਲੀ ਜਾ ਸਕਦੀ ਬਲਕਿ ਇਹੋ ਜਿਹੇ ਮਾਮਲਿਆਂ ‘ਚ ਪੁਲਸ ਦਾ ਕੁਝ ਵੀ ਨਹੀਂ ਵਿਗੜਦਾ।

ਖ਼ੁਦਕੁਸ਼ੀ ਮਾਮਲਿਆਂ ‘ਚ ਇੱਕ ਹੋਰ ਚੀਜ਼ ਵੀ ਵੇਖਣ ਵਾਲ਼ੀ ਹੈ ਕਿ ਅੰਗਰੇਜ਼ਾਂ ਦੇ ਟਾਇਮ ਦੇ ਥਾਣਿਆਂ ਦੀਆਂ ਬਿਲਡਿੰਗਾਂ ਅਤੇ ਹੁਣ ਵਾਲ਼ੀਆਂ ‘ਚ ਬਣਤਰੀ ਫਰਕ ਹੈ। ਨਵੀਆਂ ਤਾਮੀਰ ਹੋਈਆਂ ਇਮਾਰਤਾਂ ‘ਚ ਹਵਾਲਾਤਾਂ ਥਾਣਿਆਂ ਦੇ ਅੰਦਰ ਕਰ ਦਿੱਤੀਆਂ ਗਈਆਂ। ਪੁਰਾਣੇ ਥਾਣਿਆਂ ‘ਚ ਇਹ ਡਿਊੜੀ ‘ਚ ਹੋਇਆ ਕਰਦੀਆਂ ਸੀ। ਇਸ ਕਾਰਨ ਸੰਤਰੀ ਬੜੀ ਸੌਖ ਨਾਲ਼ ਹਰ ਸਮੇ ਬੰਦੀਆਂ ‘ਤੇ ਨਿਗ੍ਹਾ ਰੱਖ ਸਕਦਾ ਸੀ। ਮੁਨਸ਼ੀ ਦਾ ਕਮਰਾ ਵੀ ਸਾਹਮਣੇ ਹੋਇਆ ਕਰਦਾ ਸੀ। ਕੀ ਪੁਲਸ ਅਫ਼ਸਰ ਇਸ ਤੱਥ ਤੋਂ ਅਣਜਾਣ ਹਨ ?

ਖ਼ੈਰ ! ਜਸਪਾਲ ਦੇ ਮਾਪਿਆਂ ਨੂੰ ਨਿਆਂ ਮਿਲਣਾ ਤਾਂ ਦੂਰ, ਹਾਲ਼-ਫਿਲਹਾਲ ਲਾਸ਼ ਨਹੀਂ ਮਿਲ ਰਹੀ। ਫਰਜ਼ੀ ਮੁਕਾਬਲਿਆਂ ਲਈ ਬਦਨਾਮ ਪੰਜਾਬ ਪੁਲਸ ਲਈ ਇਹ ਇੱਕ ਹੋਰ ਸਿਆਹ ਧੱਬਾ ਹੈ। ਬਹਿਬਲ ਕਲਾਂ ਮਾਮਲੇ ‘ਚ ਨਿਆਂ ਦੀ ਗੱਲ ਕਰਨ ਵਾਲ਼ਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਮਾਮਲੇ ‘ਚ ਅਫ਼ਸੋਸ ਤੱਕ ਜ਼ਾਹਰ ਨਹੀਂ ਕਰ ਸਕਿਆ, ਇਹ ਉਸ ਤੋਂ ਵੀ ਸ਼ਰਮਨਾਕ ਹੈ। ਪੀੜਤਾਂ ਲਈ ਕਈ ਦਿਨ ਬੀਤ ਜਾਣ ਦੇ ਬਾਵਜੂਦ ਕਿਸੇ ਨੇ ਕੋਈ ਮੁਆਵਜ਼ਾ ਨਹੀਂ ਐਲਾਨਿਆ। ਇਹ ਇੱਕ ਕਰਾਰਾ ਸੱਚ ਹੈ ਕਿ ਏਥੇ ਬਾਦਲਾਂ ਦੀ ਬੱਸ ਥੱਲ੍ਹੇ ਆਏ ਵਾਰਸਾਂ ਅਤੇ ਜ਼ਿਆਤੀ ਦੁਸ਼ਮਣੀ ‘ਚ ਮਾਰੇ ਗਏ ਇੱਕ ਫ਼ਿਰਕਾ ਵਿਸ਼ੇਸ਼ ਦੇ ਪਰਵਾਰ ਨੂੰ ਵੀ ਮੁਆਵਜ਼ਾ ਮਿਲ ਚੁੱਕਾ ਹੈ।

ਕੁਲ-ਮਿਲਾ ਕੇ ਪੂਰੇ ਭਾਰਤ ਦੀ ਪੁਲਸ ਕਾਰਕਰਦਗੀ ਅਤੇ ਹਿਰਾਸਤੀ ਮੌਤਾਂ ਦਾ ਮਾਮਲਾ ਮਨੁੱਖੀ ਅਧਿਕਾਰਾਂ ਨਾਲ਼ ਜੁੜਦਾ ਹੈ। ਮਨੁੱਖੀ ਅਧਿਕਾਰਾਂ ਦਾ ਮਸਲਾ ਆਲਮੀ ਪੱਧਰ ‘ਤੇ ਬਦਨਾਮੀ ਦਾ ਟਿੱਕਾ ਹੀ ਨਹੀਂ, ਸੰਵਿਧਾਨ ਦੀਆਂ ਮੂਲ ਭਾਵਨਾਵਾਂ ਦਾ ਵੀ ਕਤਲ ਹੈ। ਪੁਲਸ ਨੂੰ ਰਾਜਨੀਤੀ ਤੋ ਮੁਕਤ ਕਰਕੇ ਜਨਤਾ ਦੀ ‘ਸੇਵਾਦਾਰ’ ਬਣਾਉਣ ਜਿਹੇ ਸੁਧਾਰਾਂ ਦੀ ਕੋਈ ਪਾਰਟੀ ਜਾਂ ਸਰਕਾਰ ਗੱਲ ਨਹੀਂ ਕਰਦੀ। ਲੰਘੀ ਚੋਣ ਇਸ ਦੀ ਇੱਕ ਨਜ਼ੀਰ ਹੈ। ਏਥੋ ਤੱਕ ਕਿ ਭਾਰਤ 1997 ਵਿੱਚ ਯੂ.ਐਨ. ਕਨਵੈਨਸ਼ਨ ਵਿੱਚ ਹਸਤਾਖ਼ਰੀ ਹੋਣ ਦੇ ਬਾਵਜੂਦ ਤਸ਼ੱਦਦ ਵਿਰੋਧੀ ਕਾਨੂੰਨ ਨਹੀਂ ਲਿਆ ਸਕਿਆ। ਪਰ ਫਿਰ ਵੀ ਇਹ ਕੋਈ ਸਿਆਸੀ ਮੁੱਦਾ ਨਹੀਂ। ਹੋਰ ਤਾਂ ਹੋਰ 1861 ਦਾ ਬਣਿਆ ਪੁਲਸ ਐਕਟ ਅੱਜ ਤੱਕ ਢੋਇਆ ਜਾ ਰਿਹਾ ਹੈ। ਸੋ ਜ਼ਰੂਰਤ ਹੈ ਕਿ ਤਸ਼ੱਦਦ ਵਿਰੋਧੀ ਕਾਨੂੰਨ ਲਿਆ ਕੇ ਨਾ ਸਿਰਫ ਜ਼ੁਲਮ ਕਰਨ ਵਾਲ਼ੇ ਪੁਲਸ ਵਾਲ਼ਿਆਂ ਨੂੰ ਸਜ਼ਾ ਯਾਫ਼ਤਾ ਕੀਤਾ ਜਾਵੇ ਬਲਕਿ ਪੀੜਤਾਂ ਨੂੰ ਯੋਗ ਮੁਆਵਜ਼ਾ ਦੇਣ ਦਾ ਪ੍ਰਬੰਧ ਲਾਗੂ ਹੋਵੇ। ਪੁਲਸ ਸੁਧਾਰ ਕੀਤੇ ਜਾਣ। ਪੁਲਸ ਨੂੰ ਰਾਜਨੀਤੀ ਤੋਂ ਮੁਕਤ ਕਰਕੇ ਵਰਕਸ਼ਾਪਾਂ ਅਤੇ ਟ੍ਰੇਨਿੰਗ ਰਾਹੀਂ ਜਨਤਾ ਦਾ ਸੇਵਕ ਤੇ ਮਿੱਤਰ ਬਣਾਇਆ ਜਾਵੇ। ਪੁਲਸ ਐਕਟ ਦੀ ਤਬਦੀਲੀ ਅਤਿ ਲਾਜ਼ਮੀ ਹੈ। ਨਹੀਂ ਤਾਂ ਜਸਪਾਲ ਵਰਗੇ ਕਾਂਡ ਵੀ ਵਾਪਰਨਗੇ ਤੇ ਵਿਜੈ ਮਾਲੀਆ ਮਾਮਲੇ ਵਿੱਚ ਹੋਈ ਫ਼ਜ਼ੀਹਤ ਵਾਂਗ ਕੌਮਾਂਤਰੀ ਪੱਧਰ ‘ਤੇ ਭੰਡੀ ਵੀ ਹੁੰਦੀ ਰਹੇਗੀ।

**ਮਿੰਟੂ ਗੁਰੂਸਰੀਆ**

# ਅਲੋਪ ਹੋਈਆਂ ਸਾਂਝਾਂ



ਇਸ ਤੇਜ਼ ਤਕਨੀਕੀ ਅਤੇ ਆਰਥਿਕ ਵਿਕਾਸ ਦੇ ਯੁੱਗ ਵਿਚ ਅਸੀਂ ਅੱਗੇ ਤਾਂ ਬਹੁਤ ਨਿਕਲ ਆਏ ਹਾਂ ਪਰ ਨਾਲ ਹੀ ਅਸੀਂ ਆਪਣੀ ਪਰਿਵਾਰਕ-ਭਾਈਚਾਰਕ ਸਾਂਝ, ਆਪਣੇ ਪੁਰਾਤਨ ਵਿਰਸੇ ਨੂੰ ਬਹੁਤ ਪਿੱਛੇ ਛੱਡ ਆਏ ਹਾਂ। ਸਾਂਝੇ ਪਰਿਵਾਰ ਹੁਣ ਬੀਤੇ ਸਮੇਂ ਦੀ ਬਾਤ ਬਣ ਕੇ ਰਹਿ ਗਏ ਹਨ। ਸਾਂਝੇ ਪਰਿਵਾਰ ਸਾਡੇ ਵਿਰਸੇ ਦਾ ਮੁੱਢ ਸਨ, ਜਿੱਥੇ ਦਾਦਾ-ਦਾਦੀ, ਮਾਤਾ-ਪਿਤਾ, ਤਾਇਆ-ਤਾਈ, ਚਾਚਾ-ਚਾਚੀ ਸਾਰੇ ਇਕੱਠੇ ਮਿਲ ਕੇ ਰਹਿੰਦੇ ਸਨ । ਹੁਣ ਸਮਾਂ ਬਦਲ ਗਿਆ ਹੈ, ਸਾਡਾ ਵਿਰਸਾ ਇੰਜ ਲੱਗਦਾ ਹੈ ਜਿਵੇਂ ਅਲੋਪ ਹੀ ਹੋ ਗਿਆ ਹੈ। ਪਹਿਲਾਂ ਸਾਂਝੇ ਪਰਿਵਾਰਾਂ ਵਿਚ ਔਰਤਾਂ-ਮਰਦ ਇਕ-ਦੂਜੇ ਦੀ ਘਰ ਅਤੇ ਖੇਤ ਦੇ ਕੰਮਾਂ ਵਿਚ ਮੋਢੇ ਨਾਲ ਮੋਢਾ ਜੋੜ ਕੇ ਮਦਦ ਕਰਦੇ ਸਨ। ਬੱਚੇ ਗਲੀਆਂ ਜਾਂ ਖੁੱਲ੍ਹੀਆਂ ਥਾਵਾਂ ‘ਤੇ ਇਕੱਠੇ ਖੇਡਦੇ ਨਜ਼ਰ ਆਉਂਦੇ ਸਨ। ਪਿੰਡਾਂ ਦੀਆਂ ਤੀਆਂ ਅਤੇ ਕਿੱਕਲੀਆਂ ਵੇਖਣਯੋਗ ਸਨ, ਜੋ ਕਿ ਸੱਭਿਆਚਾਰ ਦਾ ਪ੍ਰਗਟਾਵਾ ਕਰਦੀਆਂ ਸਨ। ਫੁਲਕਾਰੀ ਕੱਢਦੀਆਂ ਮੁਟਿਆਰਾਂ ਸੱਭਿਆਚਾਰ ਦੀ ਵਿਲੱਖਣ ਦਿੱਖ ਪੇਸ਼ ਕਰਦੀਆਂ ਸਨ। ਪਿੰਡ ਦੀਆ ਸੱਥਾਂ ਜਾਂ ਘੁੰਢਾਂ ਅਤੇ ਹੋਰ ਸਾਂਝੀਆਂ ਥਾਵਾਂ ‘ਤੇ ਪਿੰਡ ਦੇ ਲੋਕਾਂ ਦੀਆਂ ਟੋਲੀਆਂ ਗੱਲਾਂ ਕਰਦੀਆਂ ਆਮ ਹੀ ਨਜ਼ਰ ਆਉਂਦੀਆਂ ਸਨ। ਸ਼ਿੰਗਾਰੇ ਬਲਦਾਂ ਨਾਲ ਗੱਡੇ ਲੈ ਕੇ ਖੇਤ ਨੂੰ ਜਾਂਦੇ ਕਿਸਾਨ, ਭੱਤਾ ਲੈ ਕੇ ਖੇਤ ਨੂੰ ਜਾਂਦੀ ਸੁਆਣੀ ਅਤੇ ਪਤਾ ਨਹੀਂ ਹੋਰ ਕਿੰਨਾ ਕੁਝ ਸਾਡੇ ਕੋਲੋ ਖੁਸ ਗਿਆ ਹੈ। ਭਾਵੇਂ ਕਿ ਉੱਨਤੀ ਅਤੇ ਤਰੱਕੀ ਹਰੇਕ ਸਮਾਜ ਲਈ ਜ਼ਰੂਰੀ ਹੈ, ਪਰ ਇਸ ਦੇ ਨਾਲ-ਨਾਲ ਪੁਰਾਤਨਤਾ ਨੂੰ ਵੀ ਸਾਂਭਣਾ ਜ਼ਰੂਰੀ ਹੈ। ਅਸੀਂ ਇਸ ਵਿਕਾਸ ਦੇ ਰਾਹ ‘ਤੇ ਤਾਂ ਤੁਰਦੇ ਗਏ ਪਰ ਆਪਣੇ ਵਿਰਸੇ ਨੂੰ ਓਨਾ ਹੀ ਪਿੱਛੇ ਛੱਡ ਗਏ। ਸ਼ਾਇਦ ਹੁਣ ਇਸ ਨੂੰ ਵਾਪਸ ਲਿਆਉਣਾ ਮੁਸ਼ਕਿਲ ਹੈ। ਸੂਚਨਾ ਤਕਨੀਕ ਦੇ ਵਧੇ ਸਾਧਨ ਮਨੁੱਖ ਲਈ ਭਾਵੇਂ ਬਹੁਤ ਉਪਯੋਗੀ ਹਨ ਪਰ ਇਨ੍ਹਾਂ ਦੇ ਵਿਸਥਾਰ ਨੇ ਸਾਡੇ ਆਪਸੀ ਸਬੰਧਾਂ ਵਿਚ ਪਿਆਰ ਨੂੰ ਵਧਾਉਣ ਦੀ ਥਾਂ ਘਟਾ ਦਿੱਤਾ ਹੈ। ਮਾਨਵ ਜਾਤੀ ਆਪਣੇ ਅਸਲ ਪਰਿਵਾਰ ਨੂੰ ਭੁੱਲ ਕੇ ਸੋਸ਼ਲ ਮੀਡੀਆ ਨਾਲ ਇਸ ਤਰ੍ਹਾਂ ਜੁੜੀ ਹੋਈ ਹੈ, ਜਿਸ ਤਰ੍ਹਾਂ ਉਹੀ ਉਸ ਦਾ ਪਰਿਵਾਰ ਹੋਵੇ। ਮਨੁੱਖ ਦਾ ਬਹੁਤਾ ਸਮਾਂ ਸੋਸ਼ਲ ਮੀਡੀਆ ‘ਤੇ ਵਿਅਸਤ ਰਹਿੰਦਾ ਹੈ, ਪਰ ਉਸ ਕੋਲ ਪਰਿਵਾਰ ਨਾਲ ਬੈਠਣ ਦਾ ਸਮਾਂ ਹੀ ਨਹੀਂ ਹੈ। ਸੱਚਮੁੱਚ ਇੰਜ ਲੱਗ ਰਿਹਾ ਹੈ ਜਿਵੇਂ ਇਨ੍ਹਾਂ ਤਕਨੀਕੀ ਉਪਕਰਨਾਂ ਨੇ ਮਨੁੱਖ ਨੂੰ ਆਪਣੇ ਵੱਸ ਵਿਚ ਹੀ ਕਰ ਲਿਆ ਹੋਵੇ। ਇਹ ਵੀ ਸੱਚ ਹੈ ਕਿ ਅੱਜ ਦੇ ਜ਼ਮਾਨੇ ਵਿਚ ਤਕਨੀਕੀ ਉਪਕਰਨਾਂ ਤੋਂ ਬਿਨਾਂ ਤਰੱਕੀ, ਵਿਕਾਸ ਸੰਭਵ ਨਹੀਂ, ਪਰ ਲੋੜ ਹੈ ਇਨ੍ਹਾਂ ਦੀ ਵਰਤੋਂ ਨੂੰ ਸੀਮਤ ਕਰਨ ਦੀ, ਤਾਂ ਕਿ ਅਸੀਂ ਆਪਣੀ ਪਰਿਵਾਰਕ ਸਾਂਝ ਨੂੰ ਬਰਕਰਾਰ ਰੱਖ ਸਕੀਏ। ਮਨੁੱਖ ਪੈਸੇ ਦੀ ਦੌੜ ਵਿਚ ਇਸ ਕਦਰ ਭੱਜ ਰਿਹਾ ਹੈ ਕਿ ਉਹ ਆਪਣੇ ਸੱਭਿਆਚਾਰ, ਭਾਈਚਾਰਕ ਸਾਂਝ, ਰਿਸ਼ਤੇ-ਨਾਤੇ ਭੁੱਲ ਗਿਆ ਹੈ। ਹੱਥੀਂ ਕੰਮ ਕਰਨ ਦੀ ਥਾਂ ਹੁਣ ਮਸ਼ੀਨਾਂ ਨੇ ਲੈ ਲਈ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਉਹ ਸਮਾਜ ਵਿਚ ਰਹਿੰਦਾ ਹੀ ਵਿਕਾਸ ਕਰਦਾ ਹੈ, ਪਰ ਇਸ ਮਸ਼ੀਨੀ ਵਿਕਾਸ ਨੇ ਲੱਗਦਾ ਹੈ ਕਿ ਮਨੁੱਖ ਨੂੰ ਵੀ ਮਸ਼ੀਨ ਬਣਾ ਦਿੱਤਾ ਹੈ। ਇਸ ਤਕਨੀਕੀ ਵਿਕਾਸ ਦੇ ਯੁੱਗ ਵਿਚ ਮਨੁੱਖ ਇਕੱਲੇਪਣ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਹਰੇਕ ਸਮਾਜ ਸਮੇਂ ਦੇ ਨਾਲ-ਨਾਲ ਨਵਾਂ ਕੁਝ ਨਾ ਕੁਝ ਜ਼ਰੂਰ ਗ੍ਰਹਿਣ ਕਰਦਾ ਹੈ। ਨਵੇਂ ਨੂੰ ਜ਼ਰੂਰ ਅਪਣਾਓ ਪਰ ਆਪਣੇ ਪੁਰਾਤਨ ਵਿਰਸੇ ਨੂੰ ਵੀ ਨਾਲ-ਨਾਲ ਹੀ ਸੰਭਾਲ ਕੇ ਰੱਖੋ। ਸਾਡੇ ਪਿਆਰ, ਸਾਦਗੀ, ਮਿਲਵਰਤਣ, ਆਪਸੀ ਭਾਈਚਾਰਕ ਸਾਂਝ ਵਾਲਾ ਵਿਰਸਾ, ਜੋ ਕਿ ਸਾਡੇ ਵੱਡੇ-ਵਡੇਰਿਆਂ ਦੀਆਂ ਪੁਸ਼ਤਾਂ ਤੋਂ ਪੀੜ੍ਹੀ-ਦਰ-ਪੀੜ੍ਹੀ ਚਲਦਾ ਆ ਰਿਹਾ ਸੀ, ਨੂੰ ਸੰਭਾਲਣ ਦੀ ਲੋੜ ਹੈ, ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਸ ਨੂੰ ਸਾਂਭ ਕੇ ਰੱਖ ਸਕੀਏ।

# ਬਾਬੇ ਬਣਨਾ ਸਭ ਤੋਂ ਲਾਹੇਵੰਦਾ ਧੰਦਾ

ਸਾਡੇ ਦੇਸ਼ ਵਿੱਚ ਹਰ ਕੰਮ ਉਲਟਾ ਚੱਲਦਾ ਹੈ। ਜਿਹੜੇ ਵਿਅਕਤੀ ਸਕੂਲਾਂ-ਕਾਲਜਾਂ ਵਿਚ ਸਿਰੇ ਦੇ ਨਲਾਇਕ ਸਨ, ਉਹ ਜ਼ਿੰਦਗੀ ਦੀ ਦੌੜ ਵਿੱਚ ਅੱਗੇ ਲੰਘ ਗਏ ਤੇ ਜੋ ਲਾਇਕ ਸਨ, ਉਹ ਪਿੱਛੇ ਰਹਿ ਗਏ। ਪਲੱਸ ਟੂ ਵਿੱਚ ਫਸਟ ਡਵੀਜ਼ਨ ਹਾਸਲ ਕਰਨ ਵਾਲੇ ਵਿਦਿਆਰਥੀ ਪ੍ਰੋਫ਼ੈਸ਼ਨਲ ਕੋਰਸਾਂ ਵਿੱਚ ਜਾਂਦੇ ਹਨ ਤੇ ਡਾਕਟਰ, ਇੰਜੀਨੀਅਰ, ਵਕੀਲ ਅਤੇ ਵਿਗਿਆਨੀ ਬਣਦੇ ਹਨ। ਸੈਕੰਡ ਡਿਵੀਜ਼ਨ ਲੈਣ ਵਾਲੇ ਬੀ.ਏ. ਵਿੱਚ ਐਡਮੀਸ਼ਨ ਲੈਂਦੇ ਹਨ। ਜ਼ਿਆਦਾਤਰ ਸਰਕਾਰੀ ਅਫਸਰ ਉਹਨਾਂ ਵਿੱਚੋਂ ਹੀ ਬਣਦੇ ਹਨ ਤੇ ਫਸਟ ਡਵੀਜ਼ਨ ਵਾਲੇ ਉਹਨਾਂ ਨੂੰ ਸਲਾਮ ਮਾਰਦੇ ਹਨ। ਤੀਸਰੇ ਦਰਜ਼ੇ ਵਿੱਚ ਪਾਸ ਹੋਣ ਵਾਲੇ ਕਿਤੇ ਵੀ ਐਡਮੀਸ਼ਨ ਨਹੀਂ ਲੈਂਦੇ, ਉਹ ਸਰਕਾਰੀ ਠੇਕੇਦਾਰ ਬਣ ਜਾਂਦੇ ਹਨ ਤੇ ਫਸਟ ਤੇ ਸੈਕੰਡ ਡਵੀਜ਼ਨ ਵਾਲੇ ਕਮਿਸ਼ਨ ਲੈਣ ਖਾਤਰ ਉਹਨਾਂ ਨੂੰ ਘਰ ਬੁਲਾ ਕੇ ਚਾਹ ਪਿਆਉਂਦੇ ਹਨ ਤੇ ਨਾਲੇ ਚਮਚੀ ਮਾਰਦੇ ਹਨ। ਪਲੱਸ ਟੂ ਵਿੱਚੋਂ ਫੇਲ੍ਹ ਹੋਣ ਵਾਲੇ ਸਭ ਤੋਂ ਵਧੀਆ ਧੰਦੇ, ਰਾਜਨੀਤੀ ਵਿਚ ਆ ਕੇ ਮੰਤਰੀ, ਚੇਅਰਮੈਨ ਬਣ ਜਾਂਦੇ ਹਨ ਤੇ ਉਪਰੋਕਤ ਤਿੰਨਾਂ ‘ਤੇ ਕੰਟਰੋਲ ਕਰਦੇ ਹਨ। ਜੋ ਨਲਾਇਕ ਅੱਠਵੀਂ ਜਮਾਤ ਤੋਂ ਬਾਅਦ ਪੜ੍ਹਾਈ ਛੱਡ ਗਏ ਸਨ, ਉਹ ਦਾਊਦ ਇਬਰਾਹੀਮ, ਛੋਟਾ ਸ਼ਕੀਲ, ਮੈਮਨ ਭਰਾ ਅਤੇ ਛੋਟਾ ਰਾਜਨ ਵਰਗੇ ਡਾਨ ਬਣ ਜਾਂਦੇ ਹਨ ਤੇ ਉੱਪਰਲੇ ਚਾਰੇ ਉਹਨਾਂ ਦੇ ਹੁਕਮਾਂ ‘ਤੇ ਇਲਾਹੀ ਹੁਕਮ ਸਮਝ ਕੇ ਫੁੱਲ ਚੜ੍ਹਾਉਂਦੇ ਹਨ। ਪਰ ਸਭ ਤੋਂ ਵਧੀਆ ਉਹ ਮਹਾਂ ਮੂਰਖ ਰਹਿੰਦੇ ਹਨ, ਜਿਹਨਾਂ ਨੇ ਕਦੇ ਸਕੂਲ ਕਾਲਜ ਦਾ ਮੂੰਹ ਤੱਕ ਨਹੀਂ ਵੇਖਿਆ ਹੁੰਦਾ। ਉਹ ਸੰਤ, ਬ੍ਰਹਮ ਗਿਆਨੀ, ਮਹਾਂ ਮੰਡਲੇਸ਼ਵਰ, ਪੀਰ, ਫਕੀਰ, ਤਾਂਤਰਿਕ, ਮਾਂਤਰਿਕ, ਜੋਤਸ਼ੀ, ਅਘੋਰੀ ਅਤੇ ਕਾਲੇ ਇਲਮ ਦੇ ਮਾਹਰ ਬਣ ਜਾਂਦੇ ਹਨ। ਬਹੁਗਿਣਤੀ ਡਾਕਟਰ, ਇੰਜੀਨੀਅਰ, ਵਿਗਿਆਨੀ, ਅਫਸਰ, ਠੇਕੇਦਾਰ, ਡਾਨ ਅਤੇ ਮੰਤਰੀ ਤਰਲੇ ਕੱਢ ਕੇ ਉਹਨਾਂ ਨੂੰ ਮਿਲਣ ਲਈ ਸਮਾਂ ਪ੍ਰਾਪਤ ਕਰਦੇ ਹਨ, ਲੰਮੇ ਪੈ ਕੇ ਪੈਰ ਚੱਟਦੇ ਹਨ। ਉਨ੍ਹਾਂ ਨੂੰ ਗੁਰੂ ਧਾਰਨ ਕਰਦੇ ਹਨ ਤੇ ਹਰ ਹੁਕਮ ਦਾ ਇੰਨ ਬਿੰਨ ਪਾਲਣ ਕਰਦੇ ਹਨ। ਪੰਜਾਬ ਅਤੇ ਹਰਿਆਣੇ ਦੇ ਅਨੇਕਾਂ ਬਾਬੇ ਇਸ ਵਰਤਾਰੇ ਦੀ ਪਰਤੱਖ ਮਿਸਾਲ ਹਨ। ਬਾਬੇ ਬਣਨਾ ਸਭ ਤੋਂ ਲਾਹੇਵੰਦਾ ਧੰਦਾ ਹੈ। ਅਸਲ ਵਿੱਚ ਸਰਕਾਰ ਹੀ ਇਸ ਮੁਫਤਖੋਰੀ ਨੂੰ ਉਤਸ਼ਾਹ ਦੇ ਰਹੀ ਹੈ। ਬਾਬਿਆਂ ਦੇ ਡੇਰਿਆਂ, ਧਰਮ ਸਥਾਨਾਂ ਅਤੇ ਸਾਧਾਂ ਦੀ ਆਮਦਨ 100% ਟੈਕਸ ਫਰੀ ਹੈ। ਅਰਬਾਂ ਖਰਬਾਂ ਦੀਆਂ ਜ਼ਮੀਨਾਂ, ਫਾਈਵ ਸਟਾਰ ਡੇਰੇ, ਕਰੋੜਾਂ ਦੀਆਂ ਇੰਪੋਰਟਡ ਗੱਡੀਆਂ ਅਤੇ ਹੋਰ ਲਗਜ਼ਰੀ ਸਮਾਨ ‘ਤੇ ਇੱਕ ਪੈਸੇ ਦਾ ਟੈਕਸ ਨਹੀਂ ਲੱਗਦਾ। ਇੱਕ ਵਿਚਾਰੇ ਆਮ ਜਿਹੇ ਕਲਰਕ ਨੂੰ ਵੀ ਟੈਕਸ ਕੱਟਣ ਤੋਂ ਬਾਅਦ ਹੀ ਤਨਖਾਹ ਦਾ ਮੂੰਹ ਵੇਖਣਾ ਨਸੀਬ ਹੁੰਦਾ ਹੈ। ਦੁਕਾਨਦਾਰਾਂ ਅਤੇ ਉਦਯੋਗਪਤੀਆਂ ਨੂੰ ਟੈਕਸ ਬਚਾਉਣ ਦੇ ਫਿਕਰਾਂ ਕਾਰਨ ਦਿਲ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਬਾਬਿਆਂ ਨੂੰ ਇੰਨੀਆਂ ਮੌਜਾਂ ਹਨ ਕਿ ਸੰਗਤ ਹੀ ਫਸਲ ਬੀਜਦੀ ਹੈ, ਸੰਗਤ ਹੀ ਵੱਢਦੀ ਹੈ ਤੇ ਸੰਗਤ ਹੀ ਖਰੀਦ ਲੈਂਦੀ ਹੈ। ਇੱਕ ਬਾਬੇ ਦੇ ਫਾਰਮ ਦੇ ਸੜੇ ਗਲੇ ਫਲ ਤੇ ਸਬਜ਼ੀਆਂ ਪ੍ਰਸ਼ਾਦ ਦੇ ਰੂਪ ਵਿੱਚ ਦੋ-ਦੋ ਹਜ਼ਾਰ ਰੁਪਏ ਕਿੱਲੋ ਵਿਕਦੀਆਂ ਸਨ। ਜਿਹਨਾਂ ਨੇ ਆਪਣੇ ਘਰ ਕਦੇ ਪਾਣੀ ਦਾ ਗਿਲਾਸ ਖੁਦ ਭਰ ਕੇ ਨਹੀਂ ਪੀਤਾ ਹੁੰਦਾ, ਉਹ ਡੇਰਿਆਂ ਦੇ ਲੰਗਰਾਂ ਵਿੱਚ ਪੂਰੀ ਸ਼ਰਧਾ ਨਾਲ ਭਾਂਡੇ ਮਾਂਜਦੇ ਹਨ। ਜਿਹੜੀਆਂ ਨੂੰਹ-ਸੱਸ, ਦਰਾਣੀ-ਜੇਠਾਣੀ ਘਰ ਦਾ ਕੰਮ ਕਰਨ ਤੋਂ ਛਿੱਤਰੋ ਛਿੱਤਰੀ ਹੁੰਦੀਆਂ ਹਨ, ਉਹ ਡੇਰਿਆਂ ਵਿੱਚ ਇੱਕ ਦੂਸਰੀ ਤੋਂ ਅੱਗੇ ਲੱਗ ਲੱਗ ਕੇ ਝਾੜੂ ਫੇਰਦੀਆਂ ਹਨ। ਗਰੀਬ ਰਿਕਸ਼ੇ ਵਾਲੇ ਨਾਲ ਇੱਕ ਰੁਪਏ ਤੋਂ ਝਗੜਾ ਕਰਨ ਵਾਲੇ, ਕਿਰਾਏ ਦੇ ਟਰੱਕਾਂ ਵਿੱਚ ਸੰਗਤ ਲੈ ਕੇ ਜਾਂਦੇ ਹਨ। ਇੱਥੋਂ ਤੱਕ ਕੇ ਪੁੱਤਰਾਂ ਦੇ ਦਾਨੀ ਬਾਬਿਆਂ ਦੀਆਂ ਲੱਤਾਂ ਘੁੱਟਣ ਦੀ ਵਾਰੀ ਤੋਂ ਵੀ ਬੀਬੀਆਂ ਖਹਿਬੜ ਪੈਂਦੀਆਂ ਹਨ। ਇੱਥੇ ਤਾਂ ਅਜਿਹੇ ਅਕਲ ਦੇ ਅੰਨ੍ਹੇ ਹਨ ਜੋ ਰੋਪੜ ਜ਼ਿਲ੍ਹੇ ਦੇ ਇੱਕ ਬੇਹੱਦ ਵਿਵਾਦਤ ਬਾਬੇ ਦੇ ਹਾਥੀ ਦੀ ਲਿੱਦ ਵੀ ਪ੍ਰਸ਼ਾਦ ਸਮਝ ਕੇ ਚੁੱਕ ਲਿਜਾਂਦੇ ਸਨ।

ਕਈ ਬਾਬਿਆਂ ਦੀ ਤਾਂ ਇੰਨੀ ਚੜ੍ਹਾਈ ਰਹੀ ਹੈ ਕਿ ਉਹ ਦੇਸ਼ ਚਲਾਉਣ ਤੱਕ ਦੀ ਤਾਕਤ ਹਾਸਲ ਕਰ ਗਏ ਸਨ। ਧੀਰੇਂਦਰ ਬ੍ਰਹਮਚਾਰੀ, ਚੰਦਰਾਸਵਾਮੀ, ਬਾਬਾ ਰਾਮਦੇਵ ਅਤੇ ਬਾਬੇ ਰਾਮ ਰਹੀਮ ਦੀ ਮਿਸਾਲ ਸਭ ਦੇ ਸਾਹਮਣੇ ਹੈ। ਵੱਡੇ ਵੱਡੇ ਨਾਢੂ ਖਾਨ ਇਹਨਾਂ ਦਾ ਪਾਣੀ ਭਰਦੇ ਸਨ। ਧੀਰੇਂਦਰ ਬ੍ਰਹਮਚਾਰੀ ਅਤੇ ਚੰਦਰਾਸਵਾਮੀ ਤਾਂ ਆਪਣੇ ਸਮੇਂ ਦੇ ਪ੍ਰਧਾਨ ਮੰਤਰੀਆਂ ਦੇ ਗੁਰੂ ਅਤੇ ਮਾਰਗ ਦਰਸ਼ਕ ਸਨ। ਬਾਬਾ ਰਾਮਦੇਵ ਨੂੰ ਅਨੇਕਾਂ ਸੂਬਾ ਸਰਕਾਰਾਂ ਆਪਣੇ ਸੂਬੇ ਵਿੱਚ ਉਦਯੋਗ ਲਗਾਉਣ ਲਈ ਕਰੋੜਾਂ-ਅਰਬਾਂ ਦੀਆਂ ਜ਼ਮੀਨਾਂ ਮੁਫਤ ਦੇ ਭਾਅ ਅਲਾਟ ਕਰ ਰਹੀਆਂ ਹਨ। ਇਹੀ ਸਰਕਾਰਾਂ ਕਿਸੇ ਗਰੀਬ ਦੀ ਝੁੱਗੀ ਢਾਹੁਣ ਲੱਗੀਆਂ ਮਿੰਟ ਨਹੀਂ ਲਗਾਉਂਦੀਆਂ। ਬਾਬਾ ਰਾਮ ਰਹੀਮ ਦਾ ਜਲਵਾ ਤਾਂ ਸਾਰੇ ਜਹਾਨ ਨੇ ਵੇਖਿਆ ਹੈ। ਕਿਸੇ ਸਮੇਂ 8-10 ਸੂਬਿਆਂ ਦੇ ਐੱਮ.ਐੱਲ.ਏ., ਐੱਮ.ਪੀ. ਮੰਤਰੀ, ਮੁੱਖ ਮੰਤਰੀ, ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਵੀ ਵੋਟਾਂ ਖਾਤਰ ਉਸਦੀਆਂ ਲੇਹਲੜੀਆਂ ਕੱਢਦੇ ਸਨ। ਇਸ ਲਈ ਜੇ ਕਿਸੇ ਦਾ ਬੱਚਾ ਸ਼ਰਾਰਤੀ, ਬਦਮਾਸ਼, ਲੜਾਕਾ, ਪੜ੍ਹਨ ਵਿੱਚ ਨਲਾਇਕ ਜਾਂ ਬਦਤਮੀਜ਼ ਹੈ, ਤਾਂ ਘਬਰਾਉਣ ਦੀ ਬਿਲਕੁਲ ਵੀ ਜ਼ਰੂਰਤ ਨਹੀਂ ਹੈ। ਉਸ ਨੂੰ ਕਿਸੇ ਸਾਧ ਦੇ ਚਰਨਾਂ ਵਿੱਚ ਭੇਂਟ ਕਰ ਦਿਉ। ਵੇਖਿਉ ਕੁਝ ਸਾਲਾਂ ਬਾਅਦ ਉਸ ਨੂੰ ਤਾਂ ਸਲਾਮਾਂ ਵੱਜਣਗੀਆਂ ਹੀ, ਸੰਤਾਂ ਦੇ ਮਾਤਾ ਪਿਤਾ ਹੋਣ ਕਾਰਨ ਲੋਕਾਂ ਨੇ ਤੁਹਾਡੇ ਚਰਨਾਂ ਦੀ ਮਿੱਟੀ ਵੀ ਚੁੱਕ ਚੁੱਕ ਕੇ ਮੱਥੇ ਨੂੰ ਲਾਉਣੀ ਹੈ। ਗੱਡੀਆਂ-ਗੰਨਮੈਨ ਤੁਹਾਡੇ ਅੱਗੇ ਪਿੱਛੇ ਘੁੰਮਣਗੇ।


☛ ਰੇਲਯਾਤਰੀ ਕਿਰਪਾ ਧਿਆਨ ਦੇਣ! ☚

**ਇਮਤਿਹਾਨ ਵਿਸ਼ੇਸ਼ ਰੇਲਗੱਡੀਆਂ-2026**

ਸਰਵਸੰਬੰਧਿਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਤਰ ਰੇਲਵੇ ਦੁਆਰਾ ਉਤਰ ਪ੍ਰਦੇਸ਼ ਹੋਮ ਗਾਰਡ ਇਮਤਿਹਾਨ-2026 ਵਿਚ ਸ਼ਾਮਲ ਹੋਣ ਵਾਲੇ ਉਮੀਦਵਾਰਾਂ ਦੀ ਸੁਵਿਧਾ ਦੇ ਲਈ ਹੇਠਾਂ ਲਿਖਤ ਮਿਤੀਆਂ ਉਤੇ ਇਮਤਿਹਾਨ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਜਾਣਗੀਆਂ:-

**04422/04421 ਗਾਜੀਆਬਾਦ - ਮੁਰਾਦਾਬਾਦ - ਗਾਜੀਆਬਾਦ ਅਣਰੀਜ਼ਰਵ ਵਿਸ਼ੇਸ਼ ਰੇਲਗੱਡੀ** — 06 ਫੇਰੇ

| ਗੱਡੀ ਨੰ. 04422 | | ਸਟੇਸ਼ਨ | ਗੱਡੀ ਨੰ. 04421 | |
| --- | --- | --- | --- | --- |
| ਆਉਣਾ | ਜਾਣਾ | | ਆਉਣਾ | ਜਾਣਾ |
| --- | 04:00 | ਗਾਜੀਆਬਾਦ | 22:40 | --- |
| 07:00 | --- | ਮੁਰਾਦਾਬਾਦ | --- | 18:00 |

ਚੱਲਣ ਦੇ ਦਿਨ: 04422 ਗਾਜੀਆਬਾਦ ਤੋਂ ਅਤੇ 04421 ਮੁਰਾਦਾਬਾਦ ਤੋਂ ਮਿਤੀ 25.04.26, 26.04.26 ਅਤੇ 27.04.26 ਨੂੰ।
ਸਥਾਨ: ਜਨਰਲ।
ਠਹਿਰਾਓ : ਪਿਲਖੂਆ, ਹਾਪੁੜ ਸੰਭੌਲੀ, ਗੜ੍ਹਮੁਕਤੇਸ਼ਵਰ, ਗਜਰੌਲਾ ਅਤੇ ਅਮਰੋਹਾ ਸਟੇਸ਼ਨ।

**04349/04350 ਬਰੇਲੀ - ਬਿਜਨੌਰ - ਬਰੇਲੀ ਅਣਰੀਜ਼ਰਵ ਵਿਸ਼ੇਸ਼ ਰੇਲਗੱਡੀ** — 06 ਫੇਰੇ

| ਗੱਡੀ ਨੰ. 04349 | | ਸਟੇਸ਼ਨ | ਗੱਡੀ ਨੰ. 04350 | |
| --- | --- | --- | --- | --- |
| ਆਉਣਾ | ਜਾਣਾ | | ਆਉਣਾ | ਜਾਣਾ |
| --- | 03:35 | ਬਰੇਲੀ | 23:35 | --- |
| 08:00 | --- | ਬਿਜਨੌਰ | --- | 18:00 |

ਚੱਲਣ ਦੇ ਦਿਨ: 04349 ਬਰੇਲੀ ਤੋਂ ਅਤੇ 04350 ਬਿਜਨੌਰ ਤੋਂ ਮਿਤੀ 25.04.26, 26.04.26 ਅਤੇ 27.04.26 ਨੂੰ।
ਸਥਾਨ: ਜਨਰਲ।
ਠਹਿਰਾਓ : ਮਿਲਕ, ਰਾਮਪੁਰ, ਮੁਰਾਦਾਬਾਦ, ਅਮਰੋਹਾ, ਗਜਰੌਲਾ, ਮੰਡੀ ਧਨੌਰਾ, ਚਾਂਦਪੁਰ ਸਿਯਾਊ ਅਤੇ ਹਲਦੌਰ ਸਟੇਸ਼ਨ।

**04487/04488 ਦਿੱਲੀ ਜੰ. - ਸ਼ਾਮਲੀ - ਦਿੱਲੀ ਜੰ. ਅਣਰੀਜ਼ਰਵ ਵਿਸ਼ੇਸ਼ ਰੇਲਗੱਡੀ** — 06 ਫੇਰੇ

| ਗੱਡੀ ਨੰ. 04487 | | ਸਟੇਸ਼ਨ | ਗੱਡੀ ਨੰ. 04488 | |
| --- | --- | --- | --- | --- |
| ਆਉਣਾ | ਜਾਣਾ | | ਆਉਣਾ | ਜਾਣਾ |
| --- | 09:15 | ਦਿੱਲੀ ਜੰ. | 16:00 | --- |
| 11:40 | --- | ਸ਼ਾਮਲੀ | --- | 13:40 |

ਚੱਲਣ ਦੇ ਦਿਨ: 04487 ਦਿੱਲੀ ਜੰ. ਤੋਂ ਅਤੇ 04488 ਸ਼ਾਮਲੀ ਤੋਂ ਮਿਤੀ 25.04.26, 26.04.26 ਅਤੇ 27.04.26 ਨੂੰ।
ਸਥਾਨ: ਜਨਰਲ।
ਠਹਿਰਾਓ : ਦਿੱਲੀ ਸ਼ਾਹਦਰਾ, ਨੋਲੀ, ਖੇਕੜਾ, ਬਾਗਪਤ ਰੋਡ, ਬੜੌਤ, ਕਾਸਿਮਪੁਰ ਖੇੜੀ ਅਤੇ ਕਾਂਧਲਾ ਸਟੇਸ਼ਨ।

**04489/04490 ਦਿੱਲੀ ਬ੍ਰਿਜ - ਸਹਾਰਨਪੁਰ - ਤਿਲਕ ਬ੍ਰਿਜ ਅਣਰੀਜ਼ਰਵ ਵਿਸ਼ੇਸ਼ ਰੇਲਗੱਡੀ** — 06 ਫੇਰੇ

| ਗੱਡੀ ਨੰ. 04489 | | ਸਟੇਸ਼ਨ | ਗੱਡੀ ਨੰ. 04490 | |
| --- | --- | --- | --- | --- |
| ਆਉਣਾ | ਜਾਣਾ | | ਆਉਣਾ | ਜਾਣਾ |
| --- | 09:45 | ਤਿਲਕ ਬ੍ਰਿਜ | 18:00 | --- |
| 13:40 | --- | ਸਹਾਰਨਪੁਰ | --- | 14:00 |

ਚੱਲਣ ਦੇ ਦਿਨ: 04489 ਤਿਲਕ ਬ੍ਰਿਜ ਤੋਂ ਅਤੇ 04490 ਸਹਾਰਨਪੁਰ ਤੋਂ ਮਿਤੀ 25.04.26, 26.04.26 ਅਤੇ 27.04.26 ਨੂੰ।
ਸਥਾਨ: ਜਨਰਲ।
ਠਹਿਰਾਓ : ਆਨੰਦ ਵਿਹਾਰ (ਟ), ਸਾਹਿਬਾਬਾਦ, ਗਾਜੀਆਬਾਦ, ਨਯਾ ਗਾਜੀਆਬਾਦ, ਗੁਲਧਰ, ਦੁਹਾਈ, ਮੁਰਾਦਨਗਰ, ਮੋਦੀਨਗਰ, ਮੋਹਿਉਦੀਨਪੁਰ, ਪਰਤਾਪੁਰ, ਮੇਰਠ ਸਿਟੀ, ਮੇਰਠ ਕੈਂਟ, ਪਾਬਲੀ ਖਾਸ, ਦੌਰਾਲਾ, ਸਕੋਤੀ ਟਾਂਡਾ, ਖਤੌਲੀ, ਮੰਸੂਰਪੁਰ, ਜੜੌਦਾ ਨਾਰਾ, ਮੁਜਫਰਨਗਰ, ਬਾਮਨਹੇਰੀ, ਰੋਹਾਨਾ ਕਲਾਂ, ਦੇਵਬੰਧ ਤਲਹੇੜੀ ਬੁਜੁਰਗ, ਨਾਗਲ ਅਤੇ ਟਪਰੀ ਸਟੇਸ਼ਨ।

**04491/04492 ਮੇਰਠ ਸਿਟੀ -ਸਹਾਰਨਪੁਰ - ਮੇਰਠ ਸਿਟੀ ਅਣਰੀਜ਼ਰਵ ਵਿਸ਼ੇਸ਼ ਰੇਲਗੱਡੀ** — 06 ਫੇਰੇ

| ਗੱਡੀ ਨੰ. 04491 | | ਸਟੇਸ਼ਨ | ਗੱਡੀ ਨੰ. 04492 | |
| --- | --- | --- | --- | --- |
| ਆਉਣਾ | ਜਾਣਾ | | ਆਉਣਾ | ਜਾਣਾ |
| --- | 10:25 | ਮੇਰਠ ਸਿਟੀ | 15:00 | --- |
| 12:35 | --- | ਸਹਾਰਨਪੁਰ | --- | 12:50 |

ਚੱਲਣ ਦੇ ਦਿਨ: 04491 ਮੇਰਠ ਸਿਟੀ ਤੋਂ ਅਤੇ 04492 ਸਹਾਰਨਪੁਰ ਤੋਂ ਮਿਤੀ 25.04.26, 26.04.26 ਅਤੇ 27.04.26 ਨੂੰ।
ਸਥਾਨ: ਜਨਰਲ।
ਠਹਿਰਾਓ : ਮੇਰਠ ਕੈਂਟ, ਪਾਬਲੀ ਖਾਸ, ਦੌਰਾਲਾ, ਸਕੋਤੀ ਟਾਂਡਾ, ਖਤੌਲੀ, ਮੰਸੂਰਪੁਰ, ਜੜੌਦਾ ਨਾਰਾ, ਮੁਜਫਰਨਗਰ, ਬਾਮਨਹੇਰੀ, ਰੋਹਾਨਾ ਕਲਾਂ, ਦੇਵਬੰਦ, ਤਲਹੇੜੀ, ਬੁਜੁਗ੍ਰ, ਨਾਗਲ ਅਤੇ ਟਪਰੀ ਸਟੇਸ਼ਨ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਜਾਣਕਾਰੀ ਦੇ ਲਈ ਕਿਰਪਾ ਰੇਲਮਦਦ ਹੈਲਪਲਾਈਨ ਨੰ.139 ’ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਵੇਖਣ।

ਰੇਲਮਦਦ ਵੈਬਸਾਈਟ ਵੇਖੋ:- www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋ

ਸਾਨੂੰ ਫਾਲੋ ਕਰੋ

**ਉੱਤਰ ਰੇਲਵੇ**
ਤੁਹਾਡੀ ਸੁਵਿਧਾ - ਸਾਡਾ ਲਕਸ਼
ਸਾਨੂੰ www.nr.indianrailways.gov.in’ਤੇ ਮਿਲੋ
1382/2026
ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

